Postal No. - Jallandhar Vide No. L-4/PB/JL-0196/2024-2026

Read No. 32212/78

ਲੁਬਾਣਾ ਸੇਵਕ

ਜਨਵਰੀ 2026 ਕੁੱਲ ਪੰਨੇ : 44 ਮਾਸਿਕ ਮੁੱਲ : 25/-

ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ... ਅਲਵਿਦਾ ਸਾਲ 2025, ਖ਼ੁਸ਼ਆਮਦੀਦ ਸਾਲ 2026 !



ਹਰ ਬੀਤਣ ਵਾਲਾ ਸਾਲ ਬਹੁਤ ਸਾਰੀਆਂ ਖੱਟੀਆਂ-ਮਿੱਠੀਆਂ ਘਟਨਾਵਾਂ ਅਤੇ ਯਾਦਾਂ ਸਾਡੇ ਪੱਲੇ ਵਿਚ ਪਾ ਕੇ ਰੁਖ਼ਸਤ ਹੋ ਜਾਂਦਾ ਹੈ। ਇਸੇ ਕ੍ਰਮ ਵਿਚ ਸਾਲ 2025 ਨੇ ਵੀ ਰੁਖ਼ਸਤੀ ਲੈ ਲਈ ਹੈ ਅਤੇ ਅਸੀਂ ਸਾਲ 2026 ਦਾ ਸਵਾਗਤ ਕਰਦੇ ਹਾਂ। ਇਸ ਸਾਲ ਦੇ ਘਟਨਾਕ੍ਰਮ 'ਤੇ ਇਕ ਝਾਤ ਮਾਰਦੇ ਹਾਂ ਤਾਂ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬ ਅਤੇ ਪੰਜਾਬੀਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਅਣਗਿਣਤ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਚੁਣੌਤੀਆਂ ਵਿਚ ਗੈਂਗਸਟਰਵਾਦ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਅਮਨ ਕਾਨੂੰਨ ਦੀ ਸਥਿਤੀ, ਗੰਭੀਰ ਖੇਤੀ ਸੰਕਟ ਅਤੇ ਰੋਟੀ-ਰੋਜ਼ੀ ਦੀ ਭਾਲ ਵਿਚ ਪੰਜਾਬੀ ਨੌਜਵਾਨਾਂ ਦਾ ਜਾਇਜ਼-ਨਜਾਇਜ਼ ਢੰਗ ਨਾਲ ਵਿਦੇਸ਼ਾਂ ਨੂੰ ਹੋ ਰਿਹਾ ਪ੍ਰਵਾਸ ਆਦਿ ਸ਼ਾਮਿਲ ਹਨ।

ਪੰਜਾਬ ਕਿਸੇ ਸਮੇਂ ਭਾਰਤ ਦਾ ਸਭ ਤੋਂ ਖ਼ੁਸ਼ਹਾਲ ਰਾਜ ਮੰਨਿਆ ਜਾਂਦਾ ਸੀ, ਪਰ ਪਿਛਲੇ ਕੁਝ ਸਾਲਾਂ ਤੋਂ ਖੇਤੀ ਸੰਕਟ ਕਾਰਨ ਅਤੇ ਰਾਜ ਵਿਚ ਬਹੁਤੀਆਂ ਸਨਅਤਾਂ ਨਾ ਲੱਗਣ ਕਾਰਨ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਲਗਾਤਾਰ ਘਟਦੇ ਗਏ ਹਨ। ਹੁਣ ਸਰਕਾਰ ਸਨਅਤੀ ਖੇਤਰ ਵਿਚ ਪੂੰਜੀ ਨਿਵੇਸ਼ ਵਧਾਉਣ ਲਈ ਯਤਨਸ਼ੀਲ ਹੈ। ਬੇਰੁਜ਼ਗਾਰੀ ਕਾਰਨ ਵੱਡੀ ਪੱਧਰ 'ਤੇ ਜਾਇਜ਼ ਨਾਜਾਇਜ਼ ਢੰਗ ਨਾਲ ਪੰਜਾਬ ਤੋਂ ਨੌਜਵਾਨ ਵਿਦੇਸ਼ਾਂ ਨੂੰ ਹਿਜਰਤ ਕਰ ਰਹੇ ਹਨ। ਹੁਣ ਵਿਦੇਸ਼ਾਂ ਵਿਚ ਵੀ ਉਥੋਂ ਦੇ ਸਥਾਨਕ ਕਾਰਨਾਂ ਕਰਕੇ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦੀਆਂ ਸੰਭਾਵਨਾਵਾਂ ਸੁੰਗੜਦੀਆਂ ਜਾ ਰਹੀਆਂ ਹਨ। ਅਮਰੀਕਾ, ਕੈਨੇਡਾ, ਆਸਟ੍ਰੇਲੀਆ ਤੇ ਬਰਤਾਨੀਆ ਆਦਿ ਦੇਸ਼ਾਂ ਵਲੋਂ ਆਪਣੇ ਇਮੀਗ੍ਰੇਸ਼ਨ ਸੰਬੰਧੀ ਕਾਨੂੰਨ ਸਖ਼ਤ ਕੀਤੇ ਜਾ ਰਹੇ ਹਨ। ਸਿੱਖਿਆ ਹਾਸਿਲ ਕਰਨ ਦੇ ਨਾਂਅ 'ਤੇ ਵਿਦੇਸ਼ ਜਾਣ ਵਾਲੇ ਨੌਜਵਾਨਾਂ ਨੂੰ ਵੀ ਇਨ੍ਹਾਂ ਸਖ਼ਤ ਕੀਤੇ ਗਏ ਕਾਨੂੰਨਾਂ ਕਾਰਨ ਬਹੁਤ ਸਾਰੀਆਂ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਾਂ ਅਮਰੀਕਾ ਵਿਚ ਨਾਜਾਇਜ਼ ਢੰਗ ਨਾਲ ਗਏ ਭਾਰਤ ਸਮੇਤ ਹੋਰ ਦੇਸ਼ਾਂ ਦੇ ਲੋਕਾਂ ਦੇ ਜਹਾਜ਼ ਭਰ-ਭਰ ਕੇ ਵਾਪਸ ਭੇਜੇ ਹਨ। ਜਿਸ ਨਾਲ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਠੇਸ ਲੱਗੀ। ਖੇਤੀ ਨਾਲ ਸੰਬੰਧਿਤ ਆਪਣੀਆਂ ਮੰਗਾਂ ਨੂੰ ਲੈ ਕੇ ਕਿਸਾਨ ਇਸ ਸਾਲ ਵੀ ਸੰਘਰਸ਼ ਕਰਦੇ ਨਜ਼ਰ ਆਏ। ਸੰਯੁਕਤ ਕਿਸਾਨ ਮੋਰਚਾ ਦੇ ਇਕ ਧੜੇ ਵਲੋਂ ਫ਼ਸਲਾਂ ਦੇ ਲਾਭਕਾਰੀ ਭਾਅ ਲੈਣ ਅਤੇ ਹੋਰ ਕਿਸਾਨੀ ਮੰਗਾਂ ਮੰਨਵਾਉਣ ਲਈ ਦਿੱਲੀ ਜਾਣ ਦਾ ਸੱਦਾ ਦਿੱਤਾ ਗਿਆ ਸੀ, ਪਰ ਹਰਿਆਣਾ ਅਤੇ ਕੇਂਦਰ ਸਰਕਾਰ ਨੇ ਮਿਲ ਕੇ ਕਿਸਾਨਾਂ ਨੂੰ ਅੱਗੇ ਨਾ ਜਾਣ ਦਿੱਤਾ ਅਤੇ ਕਿਸਾਨ ਸ਼ੰਭੂ ਅਤੇ ਖਨੌਰੀ ਦੇ ਬਾਰਡਰਾਂ 'ਤੇ ਧਰਨੇ ਮਾਰ ਕੇ ਬੈਠ ਗਏ ਜਿਸ ਕਾਰਨ ਪੰਜਾਬ ਤੋਂ ਦਿੱਲੀ ਵੱਲ ਜਾਣ-ਆਉਣ ਵਾਲੇ ਲੋਕਾਂ ਨੂੰ ਇਕ ਸਾਲ ਤੱਕ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਪਰ ਇਸ ਦਾ ਕੋਈ ਸਿੱਟਾ ਨਾ ਨਿਕਲਿਆ।

ਅਗਸਤ-ਸਤੰਬਰ ਦੇ ਮਹੀਨੇ ਵਿਚ ਪੰਜਾਬ ਵਿਚ ਭਿਆਨਕ ਹੜ੍ਹ ਆਏ, ਜਿਨ੍ਹਾਂ ਵਿਚ 50 ਦੇ ਲਗਭਗ ਲੋਕ ਮਾਰੇ ਗਏ। ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ, ਪਠਾਨਕੋਟ, ਹੁਸ਼ਿਆਰਪੁਰ, ਫਿਰੋਜ਼ਪੁਰ, ਫਾਜ਼ਿਲਕਾ ਅਤੇ ਤਰਨ ਤਾਰਨ ਦੇ ਜ਼ਿਲ੍ਹੇ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਹੋਏ। ਇਨ੍ਹਾਂ ਹੜ੍ਹਾਂ ਨਾਲ 30 ਹਜ਼ਾਰ ਘਰਾਂ ਨੂੰ ਨੁਕਸਾਨ ਪਹੁੰਚਿਆ। 4.5 ਲੱਖ ਏਕੜ ਰਕਬੇ ਵਿਚੋਂ ਫ਼ਸਲਾਂ ਬਰਬਾਦ ਹੋ ਗਈਆਂ।

ਇਹ ਸਾਰਾ ਸਾਲ ਪੰਜਾਬ ਨੂੰ ਗੈਂਗਸਟਰਾਂ, ਨਸ਼ੀਲੇ ਪਦਾਰਥਾਂ, ਹਥਿਆਰਾਂ ਦੇ ਤਸਕਰਾਂ ਅਤੇ ਪਾਕਿਸਤਾਨੀ ਸ਼ਹਿ 'ਤੇ ਰਾਜ ਨੂੰ ਅਸਥਿਰ ਕਰਨ ਵਾਲੀਆਂ ਸ਼ਕਤੀਆਂ ਦੀਆਂ ਕਾਰਵਾਈਆਂ ਦਾ ਵੀ ਨਿਰੰਤਰ ਸਾਹਮਣਾ ਕਰਨਾ ਪਿਆ।

ਜੇਕਰ ਪੰਜਾਬ ਦੇ ਰਾਜਨੀਤਕ ਘਟਨਾਕ੍ਰਮ 'ਤੇ ਨਜ਼ਰ ਮਾਰੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਇਸ ਸਾਲ ਸੱਤਾਧਾਰੀ ਆਮ ਆਦਮੀ ਪਾਰਟੀ ਆਪਣਾ ਸਿਆਸੀ ਦਬਦਬਾ ਬਣਾਈ ਰੱਖਣ ਵਿਚ ਸਫ਼ਲ ਰਹੀ ਹੈ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਚੋਣਾਂ ਵਿਚ ਸਾਰੇ ਦਾਅਵਿਆਂ ਦੇ ਬਾਵਜੂਦ ਕੋਈ ਜ਼ਿਆਦਾ ਬਿਹਤਰ ਕਾਰਗੁਜ਼ਾਰੀ ਨਹੀਂ ਦਿਖਾ ਸਕੇ। ਸਰਕਾਰ ਨੇ ਪੰਜਾਬ ਦੇ ਹਰ ਵਿਅਕਤੀ ਨੂੰ 10 ਲੱਖ ਰੁਪਏ ਦਾ ਇਲਾਜ ਕਰਵਾਉਣ ਲਈ ਸਿਹਤ ਬੀਮੇ ਦੀ ਸਹੂਲਤ ਦੇਣ ਦਾ ਐਲਾਨ ਕੀਤਾ ਹੈ। ਆਉਣ ਵਾਲੇ ਸਮੇਂ ਵਿਚ ਇਹ ਪਤਾ ਲੱਗੇਗਾ ਕਿ ਇਸ ਯੋਜਨਾ 'ਤੇ ਕਿੰਨੀ ਕੁ ਕੁਸ਼ਲਤਾ ਨਾਲ ਅਮਲ ਹੁੰਦਾ ਹੈ। ਇਸ ਸਾਲ ਦੇ ਸਮੁੱਚੇ ਘਟਨਾਕ੍ਰਮ ਦੇ ਪੱਖ ਤੋਂ ਰਾਜ ਦੇ ਆਰਥਿਕ ਮਾਹਿਰਾਂ ਦੀ ਇਸ ਗੱਲ 'ਤੇ ਜ਼ਰੂਰ ਚਿੰਤਾ ਵਧ ਰਹੀ ਹੈ ਕਿ ਪੰਜਾਬ ਸਿਰ ਕਰਜ਼ੇ ਦਾ ਬੋਝ ਵਧ ਰਿਹਾ ਹੈ ਅਤੇ ਇਸ ਸਮੇਂ ਇਹ ਕਰਜ਼ਾ 4 ਲੱਖ ਕਰੋੜ ਦੇ ਨੇੜੇ-ਤੇੜੇ ਪਹੁੰਚ ਚੁੱਕਾ ਹੈ।

ਇਸ ਸਾਲ ਪੰਜਾਬ ਦੀਆਂ ਕੁਝ ਅਹਿਮ ਸ਼ਖ਼ਸੀਅਤਾਂ ਸਦੀਵੀ ਵਿਛੋੜਾ ਦੇ ਗਈਆਂ ਜਿਨ੍ਹਾਂ ਵਿਚ ਮੈਰਾਥਨ ਦੌੜਾਂ ਦੇ ਦੌੜਾਕ ਫ਼ੌਜਾ ਸਿੰਘ, ਉੱਘੇ ਅਕਾਲੀ ਆਗੂ ਸ. ਸੁਖਦੇਵ ਸਿੰਘ ਢੀਂਡਸਾ, ਪ੍ਰਸਿੱਧ ਕਲਾਕਾਰ ਜਸਵਿੰਦਰ ਭੱਲਾ, ਕਲਾਕਾਰ ਅਤੇ ਗਾਇਕ ਰਾਜਵੀਰ ਜਵੰਦਾ ਅਤੇ ਸਭ ਦੇ ਚਹੇਤੇ ਐਕਟਰ ਧਰਮਿੰਦਰ ਜੀ ਇਸ ਹੱਯਾਤੀ ਤੋਂ ਕੂਚ ਕਰ ਗਏ। ਇਨ੍ਹਾਂ ਤੋਂ ਇਲਾਵਾ ਲੁਬਾਣਾ ਭਾਈਚਾਰੇ ਨਾਲ ਸੰਬੰਧਤ ਬਹੁਤ ਹੀ ਅਹਿਮ ਸ਼ਖ਼ਸ਼ੀਅਤ ਜਗਤਾਰ ਸਿੰਘ ਮੁਲਤਾਨੀ ਸਾਬਕਾ ਮੰਤਰੀ ਪੰਜਾਬ, ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ ਅਤੇ ਪੂਰੇ 100 ਸਾਲ ਦੀ ਉਮਰ ਭੋਗਣ ਉਪਰੰਤ ਪ੍ਰੋ. ਵਰਿਆਮ ਸਿੰਘ ਤਿੰਨੇ ਅਹਿਮ ਸ਼ਖ਼ਸ਼ੀਅਤਾਂ ਜੋ ਕਿ ਕਪੂਰਥਲਾ ਸ਼ਹਿਰ ਨਾਲ ਸੰਬੰਧਤ ਸਨ, ਵਿਛੋੜਾ ਦੇ ਗਈਆਂ ਹਨ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਇਨ੍ਹਾਂ ਪਰਿਵਾਰਾਂ ਨਾਲ ਡੂੰਘੇ ਦੁੱਖ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।

ਨਵਾਂ ਸਾਲ 2026 ਸਮੁੱਚੇ ਜਗਤ ਵਿਚ ਸ਼ਾਂਤੀ ਅਤੇ ਖੁਸ਼ਹਾਲੀ ਭਰਿਆ ਬਤੀਤ ਹੋਵੇ। ਆਮੀਨ !

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963



Chief Editor
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

Editor
S. Surinder Singh Ruby
ETO (Retd.)
E-mail:ruby.surinder57@gmail.com
M.: 98141-28181

Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240



ਦੇਸ	:	250 ਰੁਪਏ
ਪਰਦੇਸ	:	20 ਡਾਲਰ
ਜੀਵਨ ਮੈਂਬਰ ਦੇਸ	:	2500 ਰੁ.
ਜੀਵਨ ਮੈਂਬਰ ਪਰਦੇਸ	:	7500 ਰੁ.

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਮਾਘਿ ਜਮਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥

ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

ਪੂਰਨਮਾਸ਼ੀ - 03-01-2026 (ਸ਼ਨੀਵਾਰ)
ਸੰਗਰਾਂਦ - 15-01-2026 (ਬੁੱਧਵਾਰ)
ਮੱਸਿਆ - 18-01-2026 (ਐਤਵਾਰ)

ਤਤਕਰਾ

ਜਿਲਦ ਨੰ. 41 | ਅੰਕ - 151 | ਜਨਵਰੀ - 2026


1.	ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ	4
2.	ਸੱਤਵੇਂ ਨਾਨਕ ਸ੍ਰੀ ਗੁਰੂ ਹਰਿਰਾਇ ਸਾਹਿਬ	8
3.	ਦਿਨ ਤੇ ਸਰਪਰ ਪਾਉਸੀ ਰਾਤਿ ॥ ਅੰਗ 375 ॥	10
4.	ਲੋਹੜੀ ਖੁਸ਼ੀਆਂ ਦਾ ਤਿਉਹਾਰ	13
5.	ਦਸੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ	14
6.	ਜੀਵਨ ਵਿਕਾਸ – ਇਕ ਸੰਘਰਸ਼	16
7.	ਖਿਦਰਾਣੇ ਦੀ ਢਾਬ ਤੋਂ ਮੁਕਤਸਰ	17
8.	ਨਾਟਕ ਹੀ ਨਾਟਕ	19
9.	ਦੁੱਲਾ ਭੱਟੀ ਤੇ ਉਹਦੀ ਸਰਜ਼ਮੀਨ	20
10.	ਪ੍ਰੇਮ ਦਾ ਪ੍ਰਥੀਕ ਬਸੰਤ ਰੁੱਤ ਦਾ ਤਿਉਹਾਰ	23
11.	ਗੁਰ ਸਾਗਰ ਦੇ ਸੁੱਚੇ ਮੋਤੀ	25
12.	ਸਚੁ ਸੁਣਾਇਸੀ ਸੱਚ ਕੀ ਬੇਲਾ	26
13.	ਬਾਵਾ ਨਿਰੰਜਨ ਸਿੰਘ ਮਿਆਣੀ ਨੂੰ ਯਾਦ ਕਰਦਿਆਂ...!	28
14.	ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ	29
15.	ਸਿਹਤ ਸੰਭਾਲ	31
16.	ਕਾਵਿ-ਕਿਆਰੀ	33
17.	ਆਖਰੀ ਪੀੜ੍ਹੀ	34
18.	Republic Day	35
19.	Applications are invited upto 15.02.2025 from eligible candidates	36
20.	Matrimonial	38

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

Printed & Published by
Bhagwan Singh Lubana for Baba Makhan Shah Lobana Foundation (Regd.)
Sector 30-A, Chandigarh.

Computer Designing - Walia Enterprises, M.: 98153-78692

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ



ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਸੰਤ ਸਿਪਾਹੀ ਸਨ, ਇਕ ਇਨਕਲਾਬੀ ਯੋਧਾ ਸਨ। ਉਨ੍ਹਾਂ ਪਹਿਲੇ ਨੌਂ ਗੁਰੂ ਸਾਹਿਬਾਨ ਵਾਂਗ ਜਿੱਥੇ ਸਾਂਝੀਵਾਲਤਾ, ਨਾਮ ਜਪਣ, ਇਕ ਸੱਚਾ ਸੁੱਚਾ ਜੀਵਨ ਬਿਤਾਉਣ ਦਾ ਸੰਦੇਸ਼ ਦਿਤਾ, ਉਥੇ ਖਾਲਸਾ ਪੰਥ ਦੀ ਸਾਜਨਾ ਕਰ ਕੇ ਹਿੰਦੁਸਤਾਨ ਦੇ ਇਤਿਹਾਸ ਦਾ ਰੁਖ਼ ਮੋੜ ਦਿੱਤਾ, ਇਕ ਨਿਤਾਣੀ ਹੋ ਚੁੱਕੀ ਭਾਰਤੀ ਕੌਮ ਵਿਚ ਅਜਿਹਾ ਜਜ਼ਬਾ ਭਰਿਆ ਕਿ ਚਿੜੀਆਂ ਨੂੰ ਬਾਜ਼ਾਂ ਨਾਲ, ਸਵਾ ਲੱਖ ਨਾਲ ਇਕ ਖਾਲਸਾ ਲੜਾ ਕੇ ਭਾਰਤੀ ਸਮਾਜ ਦਾ ਮੂੰਹ ਮੁਹਾਂਦਰਾ ਬਦਲ ਕੇ ਰੱਖ ਦਿੱਤਾ। ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਨਾ ਧਾਰਦੇ ਤਾਂ ਅੱਜ ਹਿੰਦੁਸਤਾਨ ਦਾ ਇਤਿਹਾਸ ਅਤੇ ਇਸ ਦਾ ਭੂਗੋਲਿਕ ਨਕਸ਼ਾ ਹੋਰ ਹੁੰਦਾ, ਭਾਰਤੀਆਂ ਦਾ ਧਾਰਮਿਕ, ਇਤਿਹਾਸਿਕ ਤੇ ਸੱਭਿਆਚਾਰਕ ਵਿਰਸਾ ਹੋਰ ਹੁੰਦਾ।

ਭਗਵਾਨ ਸਿੰਘ
ਲੁਬਾਣਾ
ਪ੍ਰਧਾਨ ਬਮਸਲ ਫਾਉਂਡੇਸ਼ਨ
ਚੰਡੀਗੜ੍ਹ
98155-40240



ਇਸ ਬਾਰੇ ਹੋਰ ਗੱਲ ਕਰਨ ਤੋਂ ਪਹਿਲਾਂ ਗੁਰੂ ਸਾਹਿਬਾਨ ਦੇ ਸਮੇਂ ਦੇ ਹਿੰਦੁਸਤਾਨ ਦੀ ਸਥਿਤੀ ਬਾਰੇ ਚਰਚਾ ਕਰਨੀ ਬਹੁਤ ਜ਼ਰੂਰੀ ਹੈ। ਇਸ ਬਾਰੇ ਨਾਮਵਰ ਆਰੀਆ ਸਮਾਜੀ ਵਿਦਵਾਨ ਲਾਲਾ ਦੌਲਤ ਰਾਏ ਦੀ ਖੋਜ ਭਰਪੂਰ ਲਿਖਤ "ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ" ਅਨੁਸਾਰ ਸਿੱਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਸਮੇਂ ਰੱਖੀ। ਬਾਬਰ ਦੇ ਹਿੰਦੁਸਤਾਨ ਉਤੇ ਹਮਲੇ ਤੋਂ ਲੱਗਭਗ 350 ਵਰ੍ਹੇ ਪਹਿਲਾਂ ਹੀ ਹਿੰਦੁਸਤਾਨ ਦੇ ਬਹੁਤ ਸਾਰੇ ਇਲਾਕੇ ਇਸਲਾਮੀ ਹਕੂਮਤ ਅਧੀਨ ਆ ਚੁੱਕੇ ਸਨ। ਮੁਸਲਮਾਨਾਂ ਨੂੰ ਕਿਹੜੀਆਂ ਗੱਲਾਂ ਨੇ ਸੋਨੇ ਦੀ ਚਿੜ੍ਹੀ ਕਹੇ ਜਾਣ ਵਾਲੇ ਹਿੰਦੁਸਤਾਨ ਵਿਚ ਆਉਣ ਲਈ ਪ੍ਰੇਰਿਆ ਦਾ ਜ਼ਿਕਰ ਕਰਦਿਆਂ ਉਹ ਜ਼ਾਤ-ਪਾਤ ਤੇ ਉਚ-ਨੀਚ ਦੇ ਵਖਰੇਵੇਂ, ਭਰਮ, ਵਹਿਮ, ਇਖਲਾਕੀ ਕਦਰਾਂ ਕੀਮਤਾਂ ਵਿਚ ਆਏ ਨਿਘਾਰ ਆਦਿ ਬਾਰੇ ਲਿਖਦੇ ਹਨ, "ਮਨੂੰ ਤੇ ਮਹਾਂਭਾਰਤ ਦੇ ਜ਼ਮਾਨੇ ਪਿੱਛੋਂ ਹਿੰਦੂ ਧਰਮ ਵਿਚ ਭਾਰੀ ਤਬਦੀਲੀ ਆਈ। ਹਿੰਦੂ ਕੌਮ ਦੀ ਏਕਤਾ ਨਾ ਰਹੀ। ਉਨ੍ਹਾਂ ਦਾ ਕੌਮੀ ਤਾਣਾ-ਬਾਣਾ ਲੀਰੋ-ਲੀਰ ਹੋ ਗਿਆ। ਕੌਮੀ ਮਾਲਾ ਦੇ ਮਣਕੇ ਖੇਰੂੰ-ਖੇਰੂੰ ਹੋ ਗਏ। ਜ਼ਾਤੀ ਭੇਦ ਤੇ ਵਿਤਕਰਾ ਇਤਨਾ ਵਧਿਆ ਕਿ ਹਰੇਕ ਫਿਰਕਾ ਨਾ ਕੇਵਲ ਇਕ ਦੂਜੇ ਤੋਂ ਅੱਡ ਹੋ ਕੇ ਢਾਈ ਚੌਲਾਂ ਦੀ ਖਿਚੜੀ ਵੱਖ-ਵੱਖ ਪਕਾਉਣ ਲੱਗਿਆ, ਸਗੋਂ ਇਕ-ਦੂਜੇ ਦੇ ਵਿਰੋਧੀ ਹੋ ਕੇ ਆਪਸ ਵਿਚ ਖਹਿਣ ਤੇ ਇਕ ਦੂਜੇ ਨੂੰ ਉਜਾੜਣ ਲੱਗ ਪਏ।"




ਉਹ ਲਿਖਦੇ ਹਨ ਕਿ “ਸਾਫ ਸਪਸ਼ਟ ਹੈ ਕਿ ਕਮਜ਼ੋਰ ਤੇ ਗਰੀਬ ਹਮੇਸ਼ਾਂ ਜਬਰ-ਜੰਗ ਤੇ ਤਾਕਤ ਦੇ ਮਾਲਕ ਦਾ ਗੋਲਾ ਹੀ ਹੁੰਦਾ ਹੈ। ਇਸੇ ਕਰ ਕੇ ਹੀ ਮੁਸਲਮਾਨ ਜੇਤੂਆਂ ਨੇ ਆਪਣਾ ਮੂੰਹ ਹਿੰਦੁਸਤਾਨ ਵੱਲ ਕੀਤਾ ਅਤੇ ਸਿੱਟਾ ਵੀ ਉਹੀ ਨਿਕਲਿਆ ਜਿਸ ਦੀ ਅਜਿਹੀ ਹਾਲਤ ਵਿਚ ਆਸ ਹੁੰਦੀ ਹੈ। ਇਸਲਾਮੀ ਤਲਵਾਰ ਨੇ ਆਖਰ ਹਿੰਦੂਆਂ ਨੂੰ ਗ਼ੁਲਾਮ ਬਣਾ ਲਿਆ। ਉਨ੍ਹਾਂ ਦੀ ਬਚੀ-ਖੁਚੀ ਤਾਕਤ ਖੇਰੂੰ-ਖੇਰੂੰ ਕਰ ਦਿੱਤੀ। ਜਿੰਨਾ ਵੀ ਹੋ ਸਕਿਆ, ਮੁਸਲਮਾਨਾਂ ਨੇ ਉਨ੍ਹਾਂ ਨੂੰ ਜ਼ਲੀਲ ਤੇ ਖੁਆਰ ਕੀਤਾ। ਉਨ੍ਹਾਂ ਦੀ ਸ਼ਰਮ ਤੇ ਹਯਾ ਨੂੰ ਬਰਬਾਦ ਕੀਤਾ। ਇੱਜ਼ਤ ਦੌਲਤ ਲੁੱਟੀ ਤੇ ਆਪਣੇ ਕਬਜ਼ੇ ਵਿਚ ਕੀਤੀ। ਗ਼ੁਲਾਮੀ ਦਾ ਪਟਾ ਉਨ੍ਹਾਂ ਦੇ ਗਲੇ ਵਿਚ ਐਸਾ ਪਾਇਆ, ਜਿਸ ਨੂੰ ਉਹ ਫਿਰ ਕਦੇ ਵੀ ਆਪਣੇ ਗਲੇ ਵਿੱਚੋਂ ਲਾਹ ਨਾ ਸਕੇ। ਮੱਕਦੀ ਗੱਲ ਇਹ ਕਿ ਮੁਸਲਮਾਨ ਜੇਤੂ, ਹਿੰਦੁਸਤਾਨ ਦੇ ਕਰਤਾ ਧਰਤਾ ਤੇ ਐਸੇ ਮਾਲਕ ਬਣੇ, ਜਿਵੇਂ ਕਿ ਮਨੁੱਖ ਪਸ਼ੂਆਂ ਦੇ ਮਾਲਕ ਹੁੰਦੇ ਹਨ।”

“ਇਸਲਾਮ ਦੇ ਮੁੱਢਲੇ ਜੇਤੂਆਂ ਨੇ ਮਜ਼ਹਬੀ ਜੋਸ਼ ਵਿਚ ਬੜੇ ਜ਼ੁਲਮ ਕੀਤੇ। ਉਨ੍ਹਾਂ ਉਪਰ ਬੜੀਆਂ ਬੇਸ਼ਰਮ ਤੇ ਸੱਭਿਅਤਾਹੀਣ ਵਧੀਕੀਆ ਕੀਤੀਆਂ। ਹਿੰਦੂਆਂ ਦੇ ਧਾਰਮਿਕ ਅਸਥਾਨਾਂ ਤੇ ਮੰਦਰਾਂ ਦੀ ਨਾ ਕੇਵਲ ਪਵਿੱਤ੍ਰਤਾ ਹੀ ਭੰਗ ਕੀਤੀ, ਸਗੋਂ ਉਨ੍ਹਾਂ ਨੂੰ ਲੁੱਟਿਆ, ਮੂਰਤੀਆਂ ਤੋੜੀਆਂ ਤੇ ਉਨ੍ਹਾਂ ਦਾ ਖੁਰਾ ਖੋਜ ਮਿਟਾ ਦਿੱਤਾ। ਉਨ੍ਹਾਂ ਦੀ ਥਾਂ ’ਤੇ ਮਸਜਿਦਾਂ ਬਣਾ ਦਿੱਤੀਆਂ। ਉਨ੍ਹਾਂ ਹਿੰਦੂਆਂ ਦਾ ਕੇਵਲ ਧਨ, ਦੌਲਤ ਤੇ ਗਹਿਣਾ-ਗੱਟਾ ਹੀ ਨਹੀਂ ਲੁੱਟਿਆ, ਸਗੋਂ ਉਨ੍ਹਾਂ ਦੇ ਘਰ ਤੇ ਮੁਹੱਲੇ ਸਾੜ ਫੂਕ ਕੇ ਸੁਆਹ ਕਰ ਦਿੱਤੇ। ਨਾ ਕੇਵਲ ਹਿੰਦੂ ਇਸਤਰੀਆਂ ਦੀ ਇੱਜ਼ਤ ਹੀ ਲੁੱਟੀ, ਸਗੋਂ ਹਜ਼ਾਰਾਂ ਲੱਖਾਂ ਨੂੰ ਕਤਲ ਕਰ ਕੇ ਹਮੇਸ਼ਾਂ ਦੀ ਨੀਂਦ ਸੁਲਾ ਦਿੱਤਾ। ਅਣਗਿਣਤ ਨਰ-ਨਾਰੀ, ਬੱਚੇ, ਜੁਆਨ ਤੇ ਬੁੱਢੇ ਕਤਲ ਕੀਤੇ। ਅਨੇਕਾਂ ਔਰਤਾਂ ਨੂੰ ਗ਼ੁਲਮ ਬਣਾਇਆ ਤੇ ਗ਼ਜ਼ਨੀ ਦੇ ਬਜ਼ਾਰਾਂ ਵਿਚ ਲਿਜਾ ਕੇ ਕੇਵਲ ਟੱਕੇ-ਟੱਕੇ ਤੋਂ ਨਿਲਾਮ ਕੀਤਾ ਤੇ ਵੇਚਿਆ। ਹਿੰਦੂਆਂ ਨੂੰ ਜਬਰੀ ਗ਼ੁਲਾਮ ਬਣਾਇਆ। ਉਨ੍ਹਾਂ ਦੀਆਂ ਔਰਤਾਂ ਖੋਹ ਕੇ, ਉਨ੍ਹਾਂ ਨਾਲ ਨਿਕਾਹ ਪੜ੍ਹਾ ਕੇ ਆਪਣੇ ਮਹਿਲਾਂ ਦੀ ਰੌਣਕ ਵਧਾਈ।” ਜਿਹੜਾ ਵੀ ਮੁਸਲਮਾਨਾਂ ਦਾ ਫਿਰਕਾ ਜਾਂ ਖ਼ਾਨਦਾਨ ਇਕ ਦੂਜੇ ਦੇ ਮਗਰੋਂ ਆਇਆ, ਸਾਰਿਆਂ ਨੇ ਹੀ ਹਿੰਦੂਆਂ ਨਾਲ ਇਹੋ ਜਿਹਾ ਹੀ ਵਿਤਕਰੇ ਤੇ ਜ਼ੁਲਮ-ਭਰਿਆ ਸਲੂਕ ਜਾਰੀ ਰੱਖਿਆ। ਇਹੋ ਜਿਹੇ ਹਾਲਾਤ ਵਿਚ ਇਹ ਕੁਦਰਤੀ ਗੱਲ ਸੀ ਕਿ ਜੇਤੂਆਂ ਤੇ ਹਾਰਿਆਂ ਹੋਇਆਂ ਵਿਚ ਘਿਰਣਾ ਵਧੇ। ਸਿੱਟੇ ਵਜੋਂ ਦੋਹਾਂ ਵਿਚ ਅਤਿਅੰਤ ਨਫ਼ਰਤ ਤੇ ਦੁਸ਼ਮਣੀ ਪੈਦਾ ਹੋਈ, ਜੋ ਅੱਜ ਤਕ ਵੀ ਜਾਰੀ ਹੈ।

ਮੁਗਲਾਂ ਨੇ ਹਿੰਦੂਆਂ ਦੇ ਮੰਦਰਾਂ ਨੂੰ ਲੁੱਟਿਆ, ਉਨ੍ਹਾਂ ਦੇ ਦੇਵਤਿਆਂ ਦੀ ਬੇਇੱਜ਼ਤੀ ਕੀਤੀ, ਮੂਰਤੀਆਂ ਭੰਨੀਆਂ ਅਤੇ ਹਿੰਦੂਆਂ ਨੂੰ ਦਿਲ ਖੋਲ੍ਹ ਕੇ ਲੁੱਟਿਆ। ਇਸ ਤੋਂ ਪਹਿਲਾਂ ਮੁਹੰਮਦ ਕਾਸਮ ਨੇ ਹਿੰਦੂਆਂ ਨੂੰ ਉਕਾ ਹੀ ਬਰਬਾਦ ਕਰ ਕੇ ਰਾਜਾ ਦਾਹਿਰ ਵਾਲੀਏ ਸਿੰਧ ਦੀਆਂ ਦੋ ਧੀਆਂ ਅਤੇ ਹੋਰ ਅਨੇਕਾਂ ਇਸਤਰੀਆਂ ਨੂੰ ਕੈਦ ਕਰ ਕੇ ਬਗ਼ਦਾਦ ਵਿਚ, ਜਿੱਥੋਂ ਦਾ ਉਹ ਆਪ ਰਹਿਣ ਵਾਲਾ ਸੀ, ਖ਼ਲੀਫ਼ੇ ਦੇ ਮਹਿਲਾਂ ਵਿਚ ਦਾਖ਼ਲ ਕੀਤਾ। ਕੁਤਬਦੀਨ ਨੇ ਮੇਰਠ ਦੇ ਸਾਰੇ ਮੰਦਰਾਂ ਤੇ ਬੁੱਤਾਂ ਨੂੰ ਤੋੜਿਆ ਤੇ ਉਨ੍ਹਾਂ ਦੀ ਥਾਂ ਮਸਜਿਦਾਂ ਉਸਾਰੀਆਂ। ਜਿਸ ਨੇ ਵੀ ਇਸਲਾਮ ਕਬੂਲ ਕਰਨ ਤੋਂ ਇਨਕਾਰ ਕੀਤਾ, ਉਸ ਨੂੰ ਮੌਤ ਦੀ ਨੀਂਦ ਸੁਲਾ ਦਿਤਾ। ਕੇਵਲ ਇਕ ਕਾਲੰਜਰ ਸ਼ਹਿਰ ਵਿਚ ਹੀ 113 ਮੰਦਰ ਢਾਹ ਕੇ ਮਸਜਿਦਾਂ ਬਣਵਾ ਦਿੱਤੀਆਂ। ਹਜ਼ਾਰਾਂ ਹਿੰਦੂ ਕਤਲ ਕੀਤੇ ਤੇ ਗ਼ੁਲਾਮ ਬਣਾਏ। ਤਾਰੀਖ਼ ਫ਼ਰਿਸ਼ਤਾ ਅਨੁਸਾਰ ਫੀਰੋਜ਼ ਸ਼ਾਹ ਨੇ ਜਦੋਂ ਨਗਰਕੋਟ ਕਾਂਗੜਾ ਫਤਿਹ ਕੀਤਾ ਤਾਂ ਸਾਰੇ ਹਿੰਦੂਆਂ ਨੂੰ ਲੁੱਟ ਕੇ ਬੁੱਤਾਂ ਨੂੰ ਤੋੜ ਦਿੱਤਾ ਤੇ ਉਨ੍ਹਾਂ ਬੁੱਤਾਂ ਦੇ ਟੁਕੜਿਆਂ ਨੂੰ ਗਾਂ ਦੇ ਗੋਸ਼ਤ ਵਿਚ ਮੜ੍ਹ ਕੇ ਬ੍ਰਾਹਮਣਾਂ ਦੇ ਗਲ਼ਾਂ ਵਿਚ ਹਾਰ ਪਾਏ। ਤੇਰ੍ਹਾਂ ਹਜ਼ਾਰ ਹਿੰਦੂ ਬੁੱਤ-ਪੂਜਾਂ ਨੂੰ ਕੈਦ ਕਰ ਕੇ ਮੂੰਹ ਵਿਚ ਗਾਂ ਦਾ ਮਾਸ ਤੁੰਨ ਕੇ ਕਤਲ ਕੀਤਾ।”

ਗਿਆਸਦੀਨ ਨੇ ਰਾਣਾ ਮੱਲ ਭੱਟੀ ਦੀ ਧੀ ਨੂੰ ਜਬਰੀ ਮੁਸਲਮਾਨ ਬਣਾ ਕੇ ਉਸ ਨਾਲ ਨਿਕਾਹ ਪੜ੍ਹਾ ਕੇ ਆਪਣੇ ਹਰਮ ਵਿਚ ਸ਼ਾਮਲ ਕੀਤਾ। ਉਸ ਦੀ ਕੁੱਖ ’ਚੋਂ ਹੀ ਫੀਰੋਜ਼ ਸ਼ਾਹ ਪੈਦਾ ਹੋਇਆ ਸੀ। ਇਸੇ ਬਾਦਸ਼ਾਹ ਦੇ ਕਹਿਰ ਤੋਂ ਬਚਣ ਲਈ ਜੈਸਲਮੇਰ ਵਿਚ ਅੱਠ ਹਜ਼ਾਰ ਤੇ ਬਠਿੰਡੇ ਵਿਚ 24 ਹਜ਼ਾਰ ਇਸਤਰੀਆਂ ਆਪਣੀ ਪੱਤ ਬਚਾਉਣ ਲਈ ਜਿਊਂਦੀਆਂ ਹੀ ਸੜ ਮਰੀਆਂ ਸਨ। ਅਨੇਕਾਂ ਬੱਚਿਆ ਤੇ ਵੀਹ ਹਜ਼ਾਰ ਲੜਕੀਆਂ ਨੂੰ ਗ਼ੁਲਾਮ ਬਣਾ ਕੇ ਆਪਣੇ ਦੇਸ਼ ਭੇਜਿਆ। ਉਸ ਨੇ ਦੌਲਤਾਬਾਦ ਸ਼ਹਿਰ ਨੂੰ ਤਾਂ ਅਜਿਹਾ ਬਰਬਾਦ ਕੀਤਾ ਕਿ ਉਥੇ ਕੋਈ ਕੁੱਤਾ ਜਾਂ ਬਿੱਲੀ ਤਕ ਵੀ ਨਾ ਬਚੇ। ਅੰਨ੍ਹਿਆਂ





ਨੂੰ ਉਸ ਨੇ ਘੋੜਿਆਂ ਦੀਆਂ ਪੂਛਾਂ ਨਾਲ ਬੰਨ੍ਹ ਕੇ ਮਰਵਾਇਆ।

ਅਮੀਰ ਖੁਸਰੋ ਅਨੁਸਾਰ ਜਲਾਲੁਦੀਨ ਖਿਲਜੀ ਨੇ ਸਾਰੇ ਮਾਲਵੇ ਤੇ ਗੁਜਰਾਤ ਦੇ ਇਲਾਕੇ ਨੂੰ ਇੱਥੋਂ ਤਕ ਲੁੱਟਿਆ ਕਿ ਉਥੋਂ ਦੀ ਹਿੰਦੂ ਵੱਸੋਂ ਪਾਸ ਨੰਗੇਜ਼ ਢੱਕਣ ਵਾਲੇ ਕੱਪੜੇ ਤੇ ਮਿੱਟੀ ਦੇ ਭਾਂਡਿਆਂ ਤੋਂ ਬਿਨਾਂ ਕੁਝ ਵੀ ਨਾ ਰਿਹਾ। 20 ਹਜ਼ਾਰ ਬੱਚੇ, ਤੀਵੀਆਂ, ਮਰਦ ਤੇ ਲੜਕੀਆਂ ਉਸ ਨੇ ਅਪਣੇ ਸੈਨਿਕਾਂ ਵਿਚ ਇਨਾਮ ਵਜੋਂ ਵੰਡੀਆਂ। 14 ਹਜ਼ਾਰ ਹਿੰਦੂ ਰਿਸ਼ੀਆਂ ਦੇ ਸਿਰ ਵੱਢ ਕੇ ਕਿਲ੍ਹੇ ਦੀਆਂ ਕੰਧਾਂ ਉਤੇ ਰਖਵਾਏ ਤੇ ਹਰ ਇਕ ਉਤੇ ਦੀਵੇ ਜਗਾ ਕੇ ਰੋਸ਼ਨੀ ਕੀਤੀ ਤੇ ਪਿੱਛੋਂ ਯਮਨਾ ਨਦੀ ਵਿਚ ਸੁੱਟਵਾ ਦਿੱਤੇ। ਤੈਮਰ ਨੇ ਦਿਆਲਪੁਰ ਦੇ ਪੰਜ ਹਜ਼ਾਰ, ਅਯੁੱਧਿਆ ਦੇ 14 ਹਜ਼ਾਰ ਤੇ ਬਨਾਰਸ ਦੇ 20 ਹਜ਼ਾਰ ਬੁੱਤ-ਪੂਜ ਹਿੰਦੂ ਤੇ ਬ੍ਰਾਹਮਣਾਂ ਨੂੰ ਕਤਲ ਕੀਤਾ। ਉਨ੍ਹਾਂ ਦੇ ਬਾਲ-ਬੱਚੇ ਤੇ ਔਰਤਾਂ ਨੂੰ ਗ਼ੁਲਾਮ ਬਣਾ ਕੇ ਆਪਣੇ ਫੌਜੀਆਂ ਵਿਚ ਵੰਡ ਦਿੱਤਾ। ਅਕਬਰ ਬਾਦਸ਼ਾਹ ਉਦਾਰਵਾਦੀ ਸੀ ਤੇ ਚਾਹੁੰਦਾ ਸੀ ਕਿ ਹਿੰਦੂ ਤੇ ਮੁਸਲਮਾਨ ਮਿਲ ਕੇ ਰਹਿਣ, ਪਰ ਇਕ ਦੂਜੇ ਪ੍ਰਤੀ ਜੋ ਘਿਰਣਾ ਪੈਦਾ ਹੋ ਗਈ ਸੀ, ਉਹ ਖਤਮ ਨਾ ਹੋਈ। ਉਹ ਹਿੰਦੂ ਰਾਜਿਆਂ ਨਾਲ ਰਿਸ਼ਤੇ ਜੋੜਣ ਲਈ ਬਹੁਤ ਖਾਹਿਸ਼ਮੰਦ ਸੀ ਤੇ ਹਰ ਤਰ੍ਹਾਂ ਦੇ ਯਤਨ ਵੀ ਕਰਦਾ ਸੀ। ਉਸ ਦੇ ਵਾਰਸਾਂ ਨੇ ਵੀ ਉਸ ਦੀ ਇਸ ਨੀਤੀ ਨੂੰ ਜਾਰੀ ਰੱਖਿਆ। ਬਜਾਏ ਇਸ ਦੇ ਕਿ ਧਰਮ ਦੇ ਬਦਲਣ ਤੋਂ ਘਿਰਣਾ ਕੀਤੀ ਜਾਂਦੀ, ਹਿੰਦੂ ਰਾਜਿਆਂ ਅੰਦਰ ਬਾਦਸ਼ਾਹ ਨੂੰ ਜਵਾਈ ਬਣਾਉਣ ਦਾ ਸ਼ੌਂਕ ਤੇਜ਼ੀ ਨਾਲ ਵਧਿਆ ਤੇ ਉਸ ਲਈ ਉਹ ਦਿਲੀ ਇੱਛਾ ਕਰਨ ਲੱਗ ਪਏ ਸਨ। ਇਹ ਨੀਤੀ ਵੀ ਹਿੰਦੂਆਂ ਲਈ ਘਾਤਕ ਸਿੱਧ ਹੋਈ, ਕਿਉਂਕਿ ਕੋਈ ਵੀ ਹਿੰਦੂ ਰਾਜਾ ਮੁਸਲਮਾਨ ਲੜਕੀ ਵਿਆਹੁਣ ਨੂੰ ਤਿਆਰ ਨਹੀਂ ਸੀ।

ਇਹੋ ਜਿਹੀਆਂ ਹੋਰ ਵੀ ਅਨੇਕਾਂ ਉਦਾਹਰਨਾਂ ਇਤਿਹਾਸਿਕ ਹਵਾਲੇ ਦੇ ਕੇ ਦਿੱਤੀਆਂ ਜਾ ਸਕਦੀਆਂ ਹਨ, ਪਰ ਥੋੜੇ ਜਿਹੇ ਨਮੂਨੇ ਨਾਲ ਸਾਰੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ। ਇਸ ਤੋਂ ਸਾਫ ਸਪਸ਼ਟ ਹੈ ਕਿ ਹਿੰਦੂ ਸਮਾਜ ਬਹੁਤ ਹੀ ਨਿਰਬਲ, ਸੱਤਿਆਹੀਣ ਤੇ ਨਿਆਸਰਾ ਹੋ ਚੁੱਕਾ ਸੀ। ਕਿਤੇ-ਕਿਤੇ ਟਾਵੀਂ ਕੋਈ ਰਾਜਪੂਤ ਹਕੂਮਤ ਸੀ, ਉਹ ਵੀ ਪਹਾੜ ਦੀਆਂ ਕੁੰਦਰਾਂ ਤੇ ਖੰਡਰਾਂ ਵਿਚ ਬਚੀ ਹੋਈ ਸੀ। ਉਸ ਦੇ ਪਿੱਛੇ ਵੀ ਇਸਲਾਮੀ ਟਿੱਡੀ ਦਲ ਫੌਜਾਂ ਹਰ ਸਮੇਂ ਜਹਾਦ ਲਈ ਤਿਆਰ ਰਹਿੰਦੀਆਂ ਸਨ।

ਅਜਿਹੇ ਬਿਖੜੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ। ਉਨ੍ਹਾਂ ਨੇ ਦੋਨਾਂ ਧਰਮਾਂ ਦੇ ਪੈਰੋਕਾਰਾਂ ਨੂੰ ਸਿੱਧਾ-ਸਾਦਾ ਤੇ ਨੇਕ ਜੀਵਨ ਬਿਤਾਉਣ, ਹੱਥੀਂ ਕਿਰਤ ਕਰਨ, ਵੰਡ ਛਕਣ, ਇੱਕੋ ਪਰਮਾਤਮਾ ਉਤੇ ਅਟੁੱਟ ਵਿਸ਼ਵਾਸ ਤੇ ਸਭਨਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਲਾਲਾ ਦੌਲਤ ਰਾਏ ਦੇ ਸ਼ਬਦਾਂ ਵਿਚ "ਉਨ੍ਹਾਂ ਇਹ ਕਾਰਜ ਐਸੀ ਜੁਗਤੀ ਨਾਲ ਅਰੰਭਿਆ ਤੇ ਨਿਭਾਇਆ, ਜੋ ਕੇਵਲ ਉਹੋ ਹੀ ਕਰ ਸਕਦੇ ਸਨ। ਇਹੋ ਕਾਰਨ ਹੈ ਕਿ ਮੁਸਲਮਾਨ ਵੀ ਅਜਿਹੇ ਦਲੇਰ ਵਿਅਕਤੀ ਦੇ ਖ਼ਿਲਾਫ਼ ਨਾ ਹੋਏ ਜੋ ਹਿੰਦੂਆਂ ਨੂੰ ਉਨ੍ਹਾਂ ਦੇ ਮੁਕਾਬਲੇ 'ਤੇ ਲਿਆਉਣ ਦੀ ਨੀਂਹ ਰੱਖ ਰਿਹਾ ਸੀ।" ਦੂਸਰੇ ਗੁਰੂ ਸਾਹਿਬਾਨ ਨੇ ਵੀ ਇਸ ਤਰ੍ਹਾਂ ਦੋਨਾਂ ਧਰਮਾਂ ਦੇ ਲੋਕਾਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਜਾਰੀ ਰੱਖਿਆ।

ਔਰੰਗਜ਼ੇਬ ਬਾਦਸ਼ਾਹ ਦੀ ਹਕੂਮਤ ਸਮੇਂ ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਬਣਾਉਣ ਦੀ ਮੁਹਿੰਮ ਤੇਜ਼ ਹੋ ਗਈ। ਉਸ ਦੇ ਜ਼ੁਲਮ ਤਸ਼ੱਦਦ ਤੋਂ ਪ੍ਰੇਸ਼ਾਨ ਹੋਏ ਕਸ਼ਮੀਰੀ ਪੰਡਤ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਫਰਿਆਦ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਆਏ ਤਾਂ ਬਾਲਕ ਗੋਬਿੰਦ ਸਿੰਘ ਜੀ, ਜੋ ਕੇਵਲ 9 ਵਰ੍ਹਿਆਂ ਦੇ ਸਨ, ਦੇ ਆਖਣ' ਤੇ ਉਨ੍ਹਾਂ ਦੀ ਰੱਖਿਆ ਲਈ ਦਿੱਲੀ ਗਏ, ਜਿੱਥੇ ਬਾਦਸ਼ਾਹ ਦੇ ਹੁਕਮ 'ਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਗਰੀਬ, ਮਜ਼ਲੂਮ ਤੇ ਨਿਤਾਣਿਆਂ ਦੀ ਰੱਖਿਆ ਲਈ ਅਤੇ ਮੁਗ਼ਲ ਹਕੂਮਤ ਦੇ ਜ਼ੁਲਮ ਤਸ਼ੱਦਦ ਤੇ ਅੱਤਿਆਚਾਰਾਂ ਦਾ ਟਾਕਰਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਅਤੇ ਕੌਮ ਵਿਚ ਇਕ ਨਵੀਂ ਰੂਹ ਭਰ ਦਿੱਤੀ। ਗੁਰੂ ਜੀ ਦੇ ਖਾਲਸੇ ਨੇ ਇਤਿਹਾਸ ਦਾ ਰੁਖ਼ ਬਦਲ ਕੇ ਰੱਖ ਦਿੱਤਾ। ਇਸ ਮੁਹਿੰਮ ਵਿਚ ਉਨ੍ਹਾਂ ਦੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਲਾਲਾ ਦੌਲਤ ਰਾਏ ਦੇ ਆਪਣੇ ਸ਼ਬਦਾਂ ਅਨੁਸਾਰ, "ਔਰੰਗਜ਼ੇਬ ਦੇ ਸਮੇਂ ਤਕ ਹਿੰਦੂਆਂ ਤੇ ਹਿੰਦੁਸਤਾਨ ਦੀ ਅਜਿਹੀ ਦਸ਼ਾ ਹੋ ਗਈ ਸੀ ਕਿ ਸਾਰੇ ਭਾਰਤਵਰਸ਼ 'ਤੇ ਹੀ ਇਸਲਾਮੀ ਝੰਡਾ ਝੁੱਲਣ ਲੱਗ ਗਿਆ ਸੀ। ਲਹਿੰਦੇ ਪਾਸੇ ਗੁਜਰਾਤ ਤੇ ਦੁਆਰਕਾ ਤਕ ਇਸਲਾਮੀ ਹਕੂਮਤ ਕਾਇਮ ਹੋ ਚੁੱਕੀ ਸੀ। ਦੱਖਣ ਦੀਆਂ ਸਾਰੀਆਂ ਹਿੰਦੂ ਹਕੂਮਤਾਂ ਬਰਬਾਦ ਹੋ ਕੇ ਅਪਣੀ ਹੋਂਦ ਹੀ ਖਤਮ ਕਰ ਰਹੀਆਂ ਸਨ। ਰਾਮੇਸ਼ਵਰਮ ਵਿਚ ਮਸਜਿਦਾਂ ਉਸਰ ਚੁੱਕੀਆਂ ਸਨ, ਜਿੱਥੋਂ 'ਅੱਲ੍ਹਾ ਹੂ ਅਕਬਰ' ਦੀਆਂ ਉਚੀਆਂ-ਉਚੀਆਂ ਬਾਂਗਾਂ ਸੁਣਾਈ ਦੇ ਰਹੀਆਂ ਸਨ। ਚੜ੍ਹਦੇ ਵਿਚ ਉੜੀਸਾ ਤੇ ਬੰਗਾਲ ਢੇਰ ਸਮੇਂ ਤੋਂ ਇਸਲਾਮ ਦੇ ਜ਼ੋਰ ਤੇ ਜ਼ੁਲਮ ਦੇ ਅਭਿਆਸ ਦਾ ਖੇਤਰ ਬਣਿਆ ਹੋਇਆ ਸੀ। ਉਤਰ ਵਿਚ ਵੀ ਪਹਾੜਾਂ ਵਿਚ ਹਿੰਦੂ ਰਾਜਿਆਂ ਦੀ ਹਕੂਮਤ ਦਾ ਭੋਗ ਪੈ ਚੁੱਕਾ ਸੀ ਅਤੇ ਉਹ ਸਾਰੇ ਅਧੀਨ ਹੋ ਗਏ ਸਨ। ਕਸ਼ਮੀਰ ਵਿਚ ਇਸਲਾਮੀ ਝੰਡਾ ਲਹਿਰਾ ਰਿਹਾ ਸੀ। ਪਰ ਫਿਰ ਵੀ ਇਨ੍ਹਾਂ ਜਿੱਤਾਂ ਤੇ ਤਾਕਤੀ ਪਸਾਰੇ ਦੇ ਬਾਵਜੂਦ ਮੁਲਕ ਵਿਚ ਚੈਨ ਨਹੀਂ ਸੀ।"

ਉਹ ਅੱਗੇ ਲਿਖਦੇ ਹਨ, "ਜੋ ਕੁਝ ਪਹਿਲਾਂ ਵਾਪਰ ਚੁੱਕਾ ਸੀ, ਉਸ ਨੂੰ

ਭੁਲਾ ਕੇ ਜੇ ਇਕੱਲੇ ਔਰੰਗਜ਼ੇਬ ਦੀਆਂ ਕਰਤੂਤਾਂ ਹੀ ਵੇਖੀਆਂ ਜਾਣ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਹੁਣ ਉਹ ਸਮਾਂ ਆ ਗਿਆ ਸੀ ਕਿ ਹਿੰਦੂਆਂ ਦਾ ਨਾਂ ਵੀ ਹਿੰਦੁਸਤਾਨ ਦੀ ਧਰਤੀ ਤੋਂ ਉਸੇ ਤਰ੍ਹਾਂ ਹੀ ਮਿਟ ਜਾਦਾ ਜਿਵੇਂ ਕੁਰੈਸ਼ੀਆਂ ਦਾ ਅਰਬ ਵਿਚ ਮੇਟਿਆ ਗਿਆ ਸੀ, ਜਾਂ ਫਿਰ ਉਹੀ ਹਾਲ ਹੁੰਦਾ ਜਿਵੇਂ ਇਰਾਨ, ਤੁਰਕਿਸਤਾਨ, ਅਫ਼ਗਾਨਿਸਤਾਨ ਤੇ ਬਲੋਚਿਸਤਾਨ ਦੇ ਵਸਨੀਕ ਆਪਣੇ ਵੱਡੇ ਵਡੇਰਿਆਂ ਦੇ ਧਰਮ ਨੂੰ ਤਿਲਾਂਜਲੀ ਦੇ ਚੁੱਕੇ ਸਨ। ਇੱਥੇ ਵੀ ਸਾਰੇ ਹੀ ਹਿੰਦੂ ਆਪਣੇ ਧਰਮ ਦਾ ਤਿਆਗ ਕਰ ਦਿੰਦੇ ਤੇ ਇਸਲਾਮ ਦੀ ਜ਼ਾਲਮ ਤਲਵਾਰ ਅੱਗੇ ਸਿਰ ਨੀਵਾਂ ਕਰ ਕੇ ਆਪਣੀ ਸੰਸਕ੍ਰਿਤੀ ਤੋਂ ਹੱਥ ਧੋ ਬੈਠਦੇ ਕਿਉਂਕਿ ਹਿੰਦੂਆਂ ਵਿਚ ਹੁਣ ਇਸਲਾਮੀ ਜਬਰ ਤੇ ਜੋਸ਼ ਦਾ ਟਾਕਰਾ ਕਰਨ ਦੀ ਨਾ ਹਿੰਮਤ ਸੀ ਤੇ ਨਾ ਹੀ ਤਾਕਤ, ਨਾ ਹੀ ਹੌਂਸਲਾ ਸੀ ਤੇ ਨਾ ਹੀ ਸੂਝ, ਨਾ ਹੀ ਧਰਮ ਦਾ ਬਲ ਤੇ ਨਾ ਹੀ ਧਨ-ਬਲ ਸੀ।"

ਫਿਰ ਐਸੀ ਨਿਰਾਸ਼ਤਾ ਵਿਚ ਅਚਨਚੇਤ ਇਕ ਮੂਰਤ ਪ੍ਰਗਟ ਹੋਈ। ਇਸ ਹਸਤੀ ਨੇ ਹਿੰਦੂ ਧਰਮ ਦੀ ਨਈਆ ਨੂੰ ਤੁਫ਼ਾਨ ਵਿੱਚੋਂ ਕੱਢਿਆ ਹੀ ਨਹੀਂ, ਸਗੋਂ ਕੰਢੇ 'ਤੇ ਲਿਆ ਖੜ੍ਹਾ ਕੀਤਾ। ਹਿੰਦੂ ਧਰਮ ਦੇ ਸੁੱਕ ਚੁੱਕੇ ਤੇ ਕੁਮਲਾ ਗਏ ਬਾਗ਼ ਲਈ ਉਹ ਰਹਿਮਤ ਦੀ ਵਰਖਾ ਤੇ ਉਜੜ ਰਹੇ ਚਮਨ ਦਾ ਮਾਲੀ ਤੇ ਦਰਦ ਵੰਡਾਉਣ ਵਾਲਾ ਸੀ। ਪਰ ਉਹ ਕੌਣ ਸੀ? ਹਾਂ ਉਹ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦੇ ਨਾਂ ਤੋਂ ਸਾਰਾ ਸੰਸਾਰ ਭਲੀ ਪ੍ਰਕਾਰ ਜਾਣੂ ਹੈ। ਜਿਸ ਬੂਟੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਾਇਆ ਸੀ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਖ਼ੂਨ ਦਾ ਪਾਣੀ ਦੇ ਕੇ ਤੇ ਹੱਡੀਆਂ ਪਾ ਕੇ ਵੱਡਾ ਕੀਤਾ ਸੀ ਅਤੇ ਜਿਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸੀਸ ਦਾ ਬਲੀਦਾਨ ਦੇ ਕੇ ਤੇ ਰੱਤ ਪਾ ਕੇ ਪਾਲਿਆ ਪੋਸਿਆ ਤੇ, ਉਸੇ ਦੀ ਸੇਵਾ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮਾਤਾ, ਚਾਰ ਪੁੱਤਰਾਂ, ਪੰਜ ਪਿਆਰਿਆਂ ਅਤੇ ਹਜ਼ਾਰਾਂ ਸ਼ਰਧਾਲੂ ਸਿੱਖ ਦੁਲਾਰਿਆਂ ਦੀਆਂ ਲਹੂ ਦੀਆਂ ਵਗਦੀਆਂ ਨਦੀਆਂ ਨਾਲ ਐਸਾ ਬਲਵਾਨ ਕੀਤਾ ਕਿ ਉਸ ਨਾਲ ਫੁੱਲ ਲੱਗ ਗਏ। ਉਹ ਫੁੱਲ ਕੀ ਸਨ? ਉਹ ਸਨ ਕੌਮੀ ਪਿਆਰ, ਧਾਰਮਿਕ ਭਾਈਚਾਰਾ, ਪ੍ਰਭੂ-ਭਗਤੀ ਤੇ ਪ੍ਰਭੂ ਪਿਆਰ ਦੇ ਫੁੱਲ। ਇਹ ਇਕ ਐਸਾ ਫਲ ਸੀ ਕਿ ਜਿਸ ਦਾ ਫੁੱਲ ਅਕਾਲ-ਪੁਰਖ ਦੀ ਪੂਜਾ ਸੀ, ਜਿਸ ਦੇ ਗੁੱਦੇ ਵਿਚ ਕੌਮੀ ਪਿਆਰ ਸੀ ਤੇ ਜਿਸ ਦਾ ਛਿਲਕਾ ਸੀ ਦੇਸ਼-ਪਿਆਰ। ਜਿਸ ਦੀ ਗਿਟਕ ਸੀ ਭਗਤੀ-ਭਾਵ, ਜਿਸ ਦਾ ਮਿੱਠਾ ਰਸ ਸੀ ਕੌਮੀਅਤ।"

ਉਹ ਅੱਗੇ ਲਿਖਦੇ ਹਨ ਕਿ ਕਿਸੇ ਕਵੀ ਨੇ ਠੀਕ ਆਖਿਆ ਹੈ:-

ਨਾ ਕਹੂੰ ਅਬ ਕੀ, ਨਾ ਕਹੂੰ ਤਬ ਕੀ ਬਾਤ ਕਹੂੰ ਜਬ ਕੀ
ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ ਸੁੰਨਤ ਹੋਤੀ ਸਭ ਕੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਨਾ ਧਾਰਦੇ ਤਾਂ ਇਸਲਾਮੀ ਹਮਲਾਵਰਾਂ ਤੇ ਹੁਕਮਰਾਨਾਂ ਨੇ ਸਾਰਾ ਹਿੰਦੁਸਤਾਨ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾ ਲੈਣਾ ਸੀ ਜਿਵੇ ਉਨ੍ਹਾਂ ਨੇ ਪਹਿਲਾਂ ਇਰਾਨ, ਅਫ਼ਗਾਨਿਸਤਾਨ ਆਦਿ ਕਈ ਦੇਸ਼ਾਂ ਨੂੰ ਤਲਵਾਰ ਦੇ ਜ਼ੋਰ ਨਾਲ ਇਸਲਾਮੀ ਦੇਸ਼ ਬਣਾ ਲਿਆ ਸੀ। ਫਿਰ ਭਾਵੇਂ ਇਸ ਦਾ ਨਾਂ ਹਿੰਦੁਸਤਾਨ ਹੀ ਰਹਿੰਦਾ, ਪਰ ਇਕ ਇਸਲਾਮੀ ਦੇਸ਼ ਹੋਣਾ ਸੀ, ਭਾਵ ਅੱਜ ਵਾਲਾ ਸਾਰਾ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ ਸਮੇਤ ਭਾਰਤੀ ਉਪ-ਮਹਾਂਦੀਪ ਇੱਕੋ ਇਸਲਾਮੀ ਦੇਸ਼ ਹੋਣਾ ਸੀ। ਕੀ ਭਾਰਤ ਵਾਸੀ ਹਿੰਦੂ ਧਰਮ ਦੀ ਰੱਖਿਆ ਅਤੇ ਇਸ ਦੇਸ਼ ਦਾ ਬਹੁ-ਧਰਮੀ ਚਰਿੱਤਰ (ਜਿਸ ਕਾਰਨ ਅੱਜ ਇਹ ਇਕ ਅਖੌਤੀ ਧਰਮ-ਨਿਰਪੱਖ ਦੇਸ਼ ਅਖਵਾਉਂਦਾ ਹੈ) ਤੇ ਹਜ਼ਾਰਾਂ ਸਾਲ ਪੁਰਾਣੀ ਸੰਸਕ੍ਰਿਤੀ ਬਚਾਉਣ ਵਾਸਤੇ ਗੁਰੂ ਸਾਹਿਬਾਨ ਅਤੇ ਪਿੱਛੋਂ ਉਨ੍ਹਾਂ ਦੇ ਬਹਾਦਰ ਯੋਧੇ ਸਿੰਘਾਂ ਵੱਲੋਂ ਕੀਤੀਆਂ ਮਹਾਨ ਕੁਰਬਾਨੀਆਂ ਨੂੰ ਅੱਖੋਂ ਪਰੋਖੇ ਕਰ ਸਕਦੇ ਹਨ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

ਵੱਲੋਂ

ਸੱਤਵੇਂ ਨਾਨਕ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

31 ਜਨਵਰੀ ਲਈ ਪ੍ਰਕਾਸ਼ ਦਿਹਾੜੇ 'ਤੇ

ਸੱਤਵੇਂ ਨਾਨਕ ਸ੍ਰੀ ਗੁਰੂ ਹਰਿਰਾਇ ਸਾਹਿਬ



ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ। ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ, ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ ਅਤੇ (ਗੁਰੂ) ਤੇਗ਼ ਬਹਾਦਰ ਜੀ। ਬਾਬਾ ਗੁਰਦਿੱਤਾ ਦੇ ਦੋ ਸਪੁੱਤਰ ਸਨ–ਬਾਬਾ ਧੀਰਮੱਲ ਅਤੇ (ਗੁਰੂ) ਹਰਿਰਾਇ ਜੀ। (ਗੁਰੂ) ਹਰਿਰਾਇ ਸਾਹਿਬ ਦਾ ਪ੍ਰਕਾਸ਼ 20 ਮਾਘ ਸੰਮਤ 1686 (30 ਜਨਵਰੀ, 1630 ਈ:) ਨੂੰ ਕੀਰਤਪੁਰ ਸਾਹਿਬ ਵਿਖੇ ਬਾਬਾ ਗੁਰਦਿੱਤਾ ਦੇ ਘਰ ਮਾਤਾ ਨਿਹਾਲ ਕੌਰ ਦੇ ਉਦਰ ਤੋਂ ਹੋਇਆ। ਕੀਰਤਪੁਰ ਸਾਹਿਬ ਬਾਬਾ ਗੁਰਦਿੱਤਾ ਨੇ ਗੁਰੂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਅਨੁਸਾਰ ਵਸਾਇਆ ਸੀ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ।

(ਗੁਰੂ) ਹਰਿਰਾਇ ਸਾਹਿਬ ਬਚਪਨ ਤੋਂ ਹੀ ਸ਼ਾਂਤ ਸੁਭਾਅ, ਦਇਆ, ਕੁਦਰਤ ਪ੍ਰੇਮੀ, ਕੋਮਲਤਾ ਆਦਿ ਸਦਗੁਣਾਂ ਦੇ ਧਾਰਨੀ ਸਨ। ਗੁਰੂ ਪਿਤਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਆਪ ਦਾ ਬਚਪਨ ਬੀਤਿਆ। ਆਪ ਨੇ ਗੁਰੂ ਪਿਤਾ ਦੀ ਦੇਖ-ਰੇਖ ਅਤੇ ਸੁਚੱਜੀ ਅਗਵਾਈ ਵਿਚ ਅਰੰਭਕ ਅਧਿਆਤਮਿਕ ਤੇ ਸੰਸਾਰਿਕ, ਸਰੀਰਿਕ ਸਿੱਖਿਆ ਅਤੇ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਸੁਭਾਅ ਦੇ ਨਰਮ, ਸਰੀਰ ਦੇ ਤਕੜੇ ਸਨ। ਆਪ ਜੀ ਦਾ ਵਿਆਹ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਨਾਲ 1640 ਈ: ਵਿਚ ਅਨੂਪ ਸ਼ਹਿਰ (ਯੂ.ਪੀ.) ਵਿਖੇ ਹੋਇਆ। ਆਪ ਦੇ ਦੋ ਸਪੁੱਤਰ ਸਨ ਬਾਬਾ ਰਾਮਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ।

ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ ਅਤੇ ਬਾਬਾ ਗੁਰਦਿੱਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ-ਕਾਲ ਵਿਚ ਹੀ ਪ੍ਰਲੋਕ ਸਿਧਾਰ ਗਏ। ਬਾਬਾ ਸੂਰਜਮੱਲ ਨਿਰੋਲ ਸੰਸਾਰਿਕ ਬਿਰਤੀ ਅਤੇ (ਗੁਰੂ) ਤੇਗ ਬਹਾਦਰ ਜੀ ਬੀਰਤਾ, ਤਿਆਗ ਤੇ ਅਧਿਆਤਮਿਕ ਬਿਰਤੀ ਦੇ ਮਾਲਕ ਸਨ। ਬਾਬਾ ਗੁਰਦਿੱਤਾ ਦੇ ਵੱਡੇ ਸਪੁੱਤਰ ਬਾਬਾ ਧੀਰਮੱਲ ਵੀ ਗੁਰੂ-ਘਰ ਪ੍ਰਤੀ ਵਫ਼ਾਦਾਰ ਸਾਬਤ ਨਾ ਹੋਏ, ਕੇਵਲ (ਗੁਰੂ) ਹਰਿਰਾਇ ਸਾਹਿਬ ਜੀ ਹੀ ਗੁਰਗੱਦੀ ਦੇ ਯੋਗ ਵਾਰਿਸ ਸਾਬਤ ਹੋਏ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 3 ਮਾਰਚ, 1644 ਈ: ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ। 8 ਮਾਰਚ, 1644 ਈ: ਨੂੰ ਗੁਰਿਆਈ ਦੀ ਰਸਮ ਅਦਾ ਕੀਤੀ ਗਈ। ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ (ਜੋ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਸਨ) ਨੇ (ਗੁਰੂ) ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਉਸ ਸਮੇਂ ਗੁਰੂ ਹਰਿਰਾਇ ਸਾਹਿਬ ਜੀ ਦੀ ਉਮਰ 14 ਸਾਲ ਦੀ ਸੀ।

ਗੁਰੂ ਹਰਿਰਾਇ ਜੀ ਨੇ ਗੁਰੂ ਪਿਤਾ ਦੇ ਉਪਦੇਸ਼ ਨੂੰ ਜੀਵਨ ਭਰ ਨਿਭਾਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਖਰੀ ਹੁਕਮ ਅਨੁਸਾਰ ਆਪ ਜੀ ਨੇ ਆਪਣੇ ਨਾਲ ਹਮੇਸ਼ਾ 2200 ਘੋੜਸਵਾਰ ਰੱਖੇ ਪਰ ਸਮੁੱਚਾ ਜੀਵਨ ਅਮਨ ਸ਼ਾਂਤੀ ਨਾਲ ਗੁਜ਼ਾਰਿਆ। ਗੁਰੂ ਹਰਿਰਾਇ ਸਾਹਿਬ ਨੇ ਸ਼ਿਕਾਰ ਖੇਡਣਾ ਜਾਰੀ ਰੱਖਿਆ। ਗੁਰੂ ਹਰਿਰਾਇ ਸਾਹਿਬ ਦੇ ਸਮੇਂ ਸਿੱਖ ਧਰਮ ਨੇ ਚੰਗੀ ਉੱਨਤੀ ਕੀਤੀ। ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਕਈ ਮਹੱਤਵਪੂਰਨ ਲੋਕ ਭਲਾਈ ਦੇ ਕੰਮ ਕੀਤੇ। ਗੁਰੂ ਸਾਹਿਬ ਨੇ ਉਪਦੇਸ਼ ਦ੍ਰਿੜ੍ਹ ਕਰਵਾਇਆ ਕਿ ਸਾਨੂੰ ਗੁਰਬਾਣੀ ਪੜ੍ਹਨੀ ਤੇ ਸੁਣਨੀ ਚਾਹੀਦੀ ਹੈ।

ਗੁਰਤਾਗੱਦੀ 'ਤੇ ਬਿਰਾਜਮਾਨ ਹੋਣ ਤੋਂ ਕੁਝ ਸਮਾਂ ਬਾਅਦ ਮਸੰਦਾਂ ਤੇ ਮੀਣਿਆਂ ਨੇ ਗੁਰੂ ਸਾਹਿਬ ਦਾ ਵਿਰੋਧ ਕੀਤਾ। ਔੜ ਨਾਲ ਭਾਰੀ ਕਾਲ ਪੈ ਗਿਆ, ਜਿਸ ਕਾਰਨ ਲੋਕ ਰੋਟੀ ਤੋਂ ਆਤੁਰ ਹੋ ਗਏ। ਪੇਟ ਦੀ ਭੁੱਖ ਨੇ ਲੋਕਾਂ ਨੂੰ ਦਰ-ਦਰ ਦੇ ਧੱਕੇ ਖਾਣ ਲਈ ਮਜਬੂਰ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਗੁਰੂ-ਘਰ ਦੀ ਪ੍ਰੰਪਰਾ ਅਨੁਸਾਰ ਦੁਖੀਆਂ ਦੀ ਤਨ-ਮਨ-ਧਨ ਨਾਲ ਸੇਵਾ ਕੀਤੀ। ਇਥੋਂ ਤੱਕ ਕਿ ਪੰਜਾਬ ਤੋਂ ਬਾਹਰ ਵਸਦੇ ਗੁਰਸਿੱਖਾਂ, ਗੁਰੂ-ਘਰ ਦੇ ਪ੍ਰੀਤਵਾਨਾਂ ਨੂੰ ਵੀ ਪ੍ਰੇਰ ਕੇ ਦੁਖੀ ਮਾਨਵਤਾ ਦੀ ਸੇਵਾ ਕੀਤੀ ਤੇ ਕਰਵਾਈ। ਸਤਿਗੁਰੂ ਜੀ ਨੇ ਭੁੱਖਿਆਂ ਲਈ ਲੰਗਰ, ਬਿਮਾਰਾਂ ਲਈ ਸ਼ਫ਼ਾਖਾਨੇ ਖੋਲ੍ਹ ਦਿੱਤੇ। ਸਤਿਗੁਰੂ ਜੀ ਵੱਲੋਂ ਮਨੁੱਖ ਜਾਤੀ ਦੇ ਕਲਿਆਣਕਾਰੀ ਕਾਰਜਾਂ ਨੂੰ

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



ਤੱਕ ਕੇ ‘ਦਾਰਾ ਸ਼ਿਕੋਹ’ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਕੇ ਲੰਗਰ ਵਾਸਤੇ ਜਾਗੀਰ ਦੇਣੀ ਚਾਹੀ ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਗੁਰੂ ਹਰਿਰਾਇ ਸਾਹਿਬ ਜੀ ਦੀ ਮਹਿਮਾ ਸੁਣ ‘ਸ਼ਾਹ-ਰੂਮੀ’ ਜਦ ਹਿੰਦੁਸਤਾਨ ਦੀ ਸੈਰ ਕਰਨ ਆਇਆ ਤਾਂ ਗੁਰੂ ਦਰਸ਼ਨਾਂ ਲਈ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ। ਗੁਰੂ ਦਰਬਾਰ ਵਿਚ ਹਮੇਸ਼ਾ ਵੱਡੇ-ਛੋਟੇ ਨਾਲ, ਬਿਨਾਂ ਕਿਸੇ ਜਾਤੀ ਜਾਂ ਖੇਤਰੀ ਵਿਤਕਰੇ ਦੇ, ਬਰਾਬਰ ਸਲੂਕ ਕੀਤਾ ਜਾਂਦਾ ਹੈ। ਗੁਰੂ ਜੀ ਨੇ ਕੀਰਤਪੁਰ ਦੀ ਧਰਤੀ ’ਤੇ ਇਲਾਜ ਵਾਸਤੇ ਵਰਤੀਆਂ ਜਾਂਦੀਆਂ ਜੜ੍ਹੀਆਂ ਬੂਟੀਆਂ ਦਾ ਬਾਗ ਲਗਵਾਇਆ ਤੇ ਇਕ ਖੋਜ ਕੇਂਦਰ ਸਥਾਪਿਤ ਕੀਤਾ। ਜੇਕਰ ਦਾਰਾ ਸ਼ਿਕੋਹ ਬਿਮਾਰ ਹੋਇਆ ਤਾਂ ਇਲਾਜ ਲਈ ਦਵਾਈਆਂ, ਜੜ੍ਹੀਆਂ-ਬੂਟੀਆਂ ਗੁਰੂ ਦਰਬਾਰ ਵੱਲੋਂ ਭੇਜੀਆਂ ਗਈਆਂ, ਜਿਸ ਨਾਲ ਉਸ ਦਾ ਅਸਾਧ ਰੋਗ ਠੀਕ ਹੋਇਆ। ਜੇਕਰ ਘਰੇਲੂ ਝਗੜੇ ਕਰਕੇ ਦਾਰਾ ਸ਼ਿਕੋਹ ਬਾਦਸ਼ਾਹ ਔਰੰਗਜ਼ੇਬ ਦੀ ਮਾਰ ਤੋਂ ਡਰਦਾ, ਗੁਰੂ ਦਰਬਾਰ ਵਿਚ ਪਹੁੰਚਾ ਤਾਂ ਉਸ ਨੂੰ ਦਰਿਆ ਬਿਆਸ ਪਾਰ ਕਰਵਾਇਆ ਗਿਆ।



ਬਾਦਸ਼ਾਹ ਸ਼ਾਹ ਜਹਾਨ ਦੇ ਆਖਰੀ ਦਿਨਾਂ ਵਿਚ ਪਰਿਵਾਰਕ ਫੁੱਟ ਚਰਮ ਸੀਮਾਂ ’ਤੇ ਪਹੁੰਚ ਚੁੱਕੀ ਸੀ। ਔਰੰਗਜ਼ੇਬ ਨੇ ਬਗ਼ਾਵਤ ਕਰਕੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਲਿਆ। ਦਾਰਾ ਸ਼ਿਕੋਹ ਵੀ ਔਰੰਗਜ਼ੇਬ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਜਾਨ ਬਚਾਉਣ ਲਈ ਦਿੱਲੀ ਤੋਂ ਦੌੜ ਗਿਆ। ਦਾਰਾ ਸ਼ਿਕੋਹ ਦਾ ਪਿੱਛਾ ਕਰਦਾ-ਕਰਦਾ ਬਾਦਸ਼ਾਹ ਔਰੰਗਜ਼ੇਬ ਵੀ ਲਾਹੌਰ ਪਹੁੰਚ ਗਿਆ ਪਰ ਦਾਰਾ ਸ਼ਿਕੋਹ ਉਥੋਂ ਵੀ ਅੱਗੇ ਦੌੜ ਗਿਆ। ਔਰੰਗਜ਼ੇਬ ਨੂੰ ਗੁਰੂ-ਘਰ ਦੇ ਵਿਰੋਧੀਆਂ ਨੇ ਸ਼ਿਕਾਇਤ ਕੀਤੀ ਕਿ ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ, ਦੂਸਰਾ ਸਿੱਖਾਂ ਦੀ ਵਧ ਰਹੀ ਸ਼ਕਤੀ ਤੋਂ ਔਰੰਗਜ਼ੇਬ ਚਿੰਤਤ ਸੀ। ਇਸ ਲਈ ਬਾਦਸ਼ਾਹ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਆਪਣੀ ਥਾਵੇਂ ਆਪਣੇ ਵੱਡੇ ਸਪੁੱਤਰ ਬਾਬਾ ਰਾਮਰਾਇ ਨੂੰ ਭੇਜਿਆ। ਜਾਣ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਹਦਾਇਤ ਕੀਤੀ ਕਿ ਗੁਰੂ ਆਸਰੇ ਰਹਿਣਾ ਅਤੇ ਗੁਰੂ ਆਸ਼ੇ ਵਿਰੁੱਧ ਕੋਈ ਗੱਲਬਾਤ ਨਹੀਂ ਕਰਨੀ। ਬਾਬਾ ਰਾਮਰਾਇ ਬਹੁਤ ਹੀ ਵਿਦਵਾਨ ਤੇ ਹਾਜ਼ਰ ਜਵਾਬ ਸਨ। ਦਿੱਲੀ ਜਾ ਕੇ ਉਨ੍ਹਾਂ ਬਾਦਸ਼ਾਹ ਔਰੰਗਜ਼ੇਬ ਦੇ ਹਰ ਸਵਾਲ ਦਾ ਜਵਾਬ ਤਸੱਲੀਬਖ਼ਸ਼ ਦਿੱਤਾ।

ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ, ਪਰ ਜਦ ਔਰੰਗਜ਼ੇਬ ਨੇ ਬਾਬਾ ਰਾਮਰਾਇ ਤੋਂ ਗੁਰਬਾਣੀ ਦੀ ਪਾਵਨ ਪੰਗਤੀ ‘ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ...’ ਦੇ ਅਰਥ ਪੁੱਛੇ ਤਾਂ ਰਾਮਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਲਈ ਕਿਹਾ ਕਿ ਸ਼ਬਦ ‘ਮੁਸਲਮਾਨ’ ਨਹੀਂ; ‘ਬੇਈਮਾਨ’ ਹੈ, ਪਰ ਕਾਤਿਬ ਦੀ ਗ਼ਲਤੀ ਨਾਲ ਮੁਸਲਮਾਨ ਲਿਖਿਆ ਗਿਆ।

ਬਾਬਾ ਰਾਮਰਾਇ ਜੀ ਨੇ ਅਜਿਹਾ ਕਰਕੇ ਬਾਦਸ਼ਾਹ ਦੀ ਖੁਸ਼ੀ ਤਾਂ ਹਾਸਲ ਕਰ ਲਈ ਪਰ ਗੁਰੂ ਦਰਬਾਰ ਤੋਂ ਹਮੇਸ਼ਾ ਲਈ ਦੂਰ ਹੋ ਗਿਆ, ਕਿਉਂਕਿ ਜਦ ਗੁਰੂ ਹਰਿਰਾਇ ਸਾਹਿਬ ਜੀ ਨੂੰ ਇਸ ਵਾਰਤਾ ਦਾ ਪਤਾ ਲੱਗਾ ਤਾਂ ਉਨ੍ਹਾਂ ਕਹਿ ਭੇਜਿਆ ਕਿ ‘ਤੁਸਾਂ ਸਾਡੇ ਮੱਥੇ ਨਹੀਂ ਲੱਗਣਾ, ਤੁਸਾਂ ਦੁਨਿਆਵੀ ਵਡਿਆਈ ਖਾਤਰ ਇਲਾਹੀ ਬਾਣੀ ਦਾ ਨਿਰਾਦਰ ਕੀਤਾ ਹੈ।’

ਆਪਣਾ ਅੰਤਿਮ ਸਮਾਂ ਨੇੜੇ ਆਇਆ ਜਾਣ ਕੇ ਗੁਰੂ ਜੀ ਨੇ ਗੁਰਿਆਈ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਦਿੱਤੀ। ਆਪ ਜੀ 6 ਅਕਤੂਬਰ, 1661 ਈ: ਨੂੰ ਕੀਰਤਪੁਰ ਹੀ ਜੋਤੀ ਜੋਤਿ ਸਮਾ ਗਏ। ਹਰ ਗੁਰਸਿੱਖ ਅਰਦਾਸ ਦੇ ਇਹ ਬੋਲ ਪੜ੍ਹ-ਸੁਣ ਕੇ ‘ਸਿਮਰੋ ਸ੍ਰੀ ਹਰਿਰਾਇ’, ਗੁਰੂ ਦੀ ਸ਼ਰਧਾ ਸਤਿਕਾਰ ਭੇਟ ਕਰਦਾ ਹੋਇਆ ਉਨ੍ਹਾਂ ਦੇ ਜੀਵਨ ਦਰਸ਼ਨ ਤੋਂ ਸਿੱਖਿਆ ਪ੍ਰਾਪਤ ਕਰਦਾ ਹੈ।

3 ਫਰਵਰੀ ਨੂੰ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸੰਗਤਾਂ ਨੇ ਗੁਰਦੁਆਰਾ ਸਾਹਿਬ ਵਿਚ ਪਹੁੰਚ ਕੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ। ਗੁਰੂ ਘਰ ਦੇ ਗ੍ਰੰਥੀ ਸਿੰਘਾਂ ਵੱਲੋਂ ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ ਆਓ ਹਰ ਪ੍ਰਾਣੀ ਦੀ ਆਪਣੀ ਲੋੜ ਅਨੁਸਾਰ ਮੱਦਦ ਕਰੀਏ ਅਤੇ ਗੁਰੂ ਸਾਹਿਬ ਦੇ ਦਰਸਾਏ ਮਾਰਗ ’ਤੇ ਚੱਲ ਕੇ ਜੀਵਨ ਸਫਲਾ ਕਰੀਏ।

ਦਿਨ ਤੇ ਸਰਪਰ ਪਾਉਸੀ ਰਾਤਿ ॥ ਅੰਗ 375 ॥

ਦਿਨ ਤੋਂ ਬਾਅਦ ਜ਼ਰੂਰ ਰਾਤ ਪੈ ਜਾਏਗੀ।

ਵਜ਼ੀਰ ਖਾਂ ਬੇਸ਼ੱਕ ਛੋਟੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਆਪਣੇ ਰਾਜਭਾਗ ਵਿਚ ਇਕ ਨਵੀਂ ਸਵੇਰ ਸਮਝ ਬੈਠਾ ਸੀ ਪਰ ਉਸ ਨੂੰ ਨਹੀਂ ਸੀ ਪਤਾ ਕਿ ਇਹ ਸਵੇਰ ਇਕ ਦਿਨ ਰਾਤ ਵਿਚ ਬਦਲ ਜਾਵੇਗੀ।

ਸਿੱਖ ਧਰਮ ਵਿਚ ਦੇਖਿਆ ਜਾਵੇ ਤਾਂ ਪਤਾ ਚੱਲਦਾ ਕਿ ਸ਼ਹਾਦਤ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੋ ਗਈ ਸੀ। ਗੁਰੂ ਰਾਮਦਾਸ ਜੀ ਵੱਲੋਂ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦੇਣ ਉਪਰੰਤ ਗੁਰੂ ਅਰਜਨ ਦੇਵ ਜੀ ਦੇ ਵਿਰੋਧ ਵਿਚ ਪ੍ਰਿਥੀ ਚੰਦ ਜੋ ਇਹਨਾਂ ਦੇ ਭਾਈ ਸਨ ਖੜ੍ਹ ਗਏ ਸਨ। ਪਰ ਆਪ ਸ਼ਾਂਤ ਚਿੱਤ ਰਹਿ ਕੇ ਸਾਰੀਆਂ ਵਧੀਕੀਆਂ ਸਹਿੰਦੇ ਰਹੇ। ਪ੍ਰਿਥੀ ਚੰਦ ਨੇ ਸੁਲਹੀ ਖਾਂ ਨਾਲ ਮਿਲ ਕੇ ਗੁਰੂ ਸਾਹਿਬ ਉੱਪਰ ਘਿਨਾਉਣੇ ਵਾਰ ਕੀਤੇ। ਸੁਲਹੀ ਖਾਂ ਨੇ ਗੁਰੂ ਸਾਹਿਬ ਨੂੰ ਤਿੰਨ ਮਤੇ ਭੇਜੇ। ਗੁਰੂ ਸਾਹਿਬ ਨੇ ਸੰਗਤਾਂ ਅੱਗੇ ਰੱਖੇ। ਸੰਗਤਾਂ ਦੇ ਗੁਰੂ ਸਾਹਿਬ ਨੂੰ ਦਿੱਤੇ ਹੋਏ ਵਿਚਾਰ ਸੁਣੇ ਪਰ ਸੰਗਤਾਂ ਨੂੰ ਭਾਣੇ ਵਿਚ ਰਹਿਣ ਲਈ ਕਿਹਾ ਅਤੇ ਸੁਲਹੀ ਖਾਂ ਵੱਲੋਂ ਦਿੱਤੇ ਮਤੇ ਅਪ੍ਰਵਾਨ ਕੀਤੇ ਅਤੇ ਸਿੱਖਾਂ ਨੂੰ ਬੇਨਤੀ ਕੀਤੀ ਕਿ ਉਸ ਕਰਤਾ ਪੁਰਖ ਸਰਬ ਸਮੱਰਥਕ ਦਾ ਸਿਮਰਨ ਕਰੋ। ਪ੍ਰਭੂ ਆਪ ਮਿਹਰ ਕਰੇਗਾ।

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
ਮੇ ਸਭੁ ਕਿਛੁ ਛੋਡਿ ਪ੍ਰਭ ਤੂਹੀ ਧਿਆਇਆ ॥੧ ॥

ਆਸਾ ਮਹੱਲਾ 5, ਅੰਗ 371

ਅਤੇ

ਜਿਨਾ ਅੰਦਰਿ ਕੂੜ ਵਰਤੈ ਸਚੁ ਨ ਭਾਵਈ ॥
ਜੇ ਕੋ ਬੋਲੇ ਸਚੁ ਕੂੜਾ ਜਲਿ ਚਾਵਈ ॥

ਸੋਰਠਿ ਵਾਰ ਮਾਲਾ 4, ਅੰਗ 646

ਸੱਚ ਕਹਿਣਾ, ਸੱਚ ਨੂੰ ਕਮਾਉਣਾ ਤੇ ਸੱਚ ਸੁਣਨਾ ਕਾਫੀ ਔਖਾ ਹੈ। ਹੁਕਮਰਾਨ ਜਹਾਂਗੀਰ ਨੂੰ ਲੱਗਾ ਕਿ ਵੱਧ ਰਹੀ ਸੱਚ ਦੀ ਅਵਾਜ਼ ਕਿਸੇ ਦਿਨ ਉਸ ਦੇ ਤਖ਼ਤ ਵਾਸਤੇ ਖ਼ਤਰਾ ਬਣ ਸਕਦੀ ਹੈ ਇਸ ਦੇ ਹੁਕਮ ਜਾਰੀ ਕਰ ਦਿੱਤੇ। ਅਤਿਅੰਤ ਤਸੀਹੇ ਜੀ ਨੂੰ ਸ਼ਹੀਦ ਕਰ ਦਿੱਤਾ। ਇਹ ਜਗ੍ਹਾ ਨਜ਼ਦੀਕ ਹੈ।

ਪ੍ਰਿੰਸੀਪਲ
ਪ੍ਰੀਤ ਮਹਿੰਦਰ ਪਾਲ ਸਿੰਘ
(ਸੇਵਾ ਮੁਕਤ)



ਅਗਲੀ ਸ਼ਹਾਦਤ ਗੁਰੂ ਤੇਗ਼ ਬਹਾਦਰ ਦੀ ਭਾਲ ਕਰਕੇ ਬਾਬਾ ਮੱਖਣ ਸ਼ਾਹ ਲੁਬਾਣੇ ਨੇ ਕਰਦੇ ਬਾਹਰ ਆ ਕੇ ਇਕ ਆਵਾਜ਼ ਦਿੱਤੀ ਜੋ **'ਗੁਰੂ ਲਾਧੋ ਰੇ ਗੁਰੂ ਲਾਧੋ ਰੇ'**। ਲਈ ਉਸ ਨੇ ਗੁਰੂ ਜੀ ਨੂੰ ਸ਼ਹੀਦ ਕਰਨ ਦੇ ਕੇ ਮਈ 1606 ਨੂੰ ਗੁਰੂ ਅਰਜਨ ਦੇਵ ਅੱਜਕਲ੍ਹ ਪਾਕਿਸਤਾਨ ਵਿਚ ਲਾਹੌਰ ਦੇ ਪਾਤਸ਼ਾਹੀ ਨੌਵੀਂ ਦੇ ਹਿੱਸੇ ਆਈ ਜਿਨ੍ਹਾਂ ਉਹਨਾਂ ਦੇ ਇਕ ਭੌਰੇ ਵਿਚ ਦਰਸ਼ਨ ਕਿ ਲੁਬਾਣਕੀ ਵਿਚ ਹੈ

ਕਸ਼ਮੀਰੀ ਪੰਡਤਾਂ ਦਾ ਇਕ ਵਫਦ ਜਿਸ ਦੀ ਅਗਵਾਈ ਕਿਰਪਾ ਰਾਮ ਹੋਰਾਂ ਨੇ ਕੀਤੀ (ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸੰਪਰਕ ਵਿਚ ਬਾਅਦ ਵਿਚ ਆਏ ਤੇ ਕਿਰਪਾ ਰਾਮ ਤੋਂ ਕਿਰਪਾ ਸਿੰਘ ਬਣੇ ਤੇ ਸ਼ਹਾਦਤ ਪ੍ਰਾਪਤ ਕੀਤੀ) ਦੀ ਪੁਕਾਰ ਸੁਣ ਆਪ ਜੀ **'ਬਾਹ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਹ ਨ ਛੋੜੀਐ'** ਬਚਨਾਂ ਨੂੰ ਪੂਰਾ ਕਰਨ ਵਾਸਤੇ ਅਨੰਦਪੁਰ ਛੱਡ ਦਿੱਲੀ ਵੱਲ ਰਵਾਨਾ ਹੋਏ। ਭੱਟ ਬਹੀ ਵਿਚ ਇਹ ਪੁਕਾਰ ਇਸ ਤਰ੍ਹਾਂ ਦਰਜ ਹੈ –

ਹਾਥ ਜੋਰ ਕਹਿਯੋ ਕਿਰਪਾ ਰਾਮ।
ਦੱਤ ਬ੍ਰਾਹਮਣ ਮੱਟਨ ਗ੍ਰਾਮ :
"ਹਮਰੋ ਬਲ ਅਬ ਰਹਗੋ ਨਹਿ ਕਾਈ।

ਹੇ ਗੁਰ ਤੇਗ ਬਹਾਦਰ ਰਾਈ।
ਗਜ ਦੇ ਬੰਧਨ ਕਾਟਨ ਹਾਰੇ।
ਤੁਮ ਗੁਰ ਨਾਨਕ ਹੈਂ ਅਵਤਾਰੇ।
ਜਿਮ ਦਰਪੋਦੀ ਰਾਖੀ ਲਾਜ।
ਦਿਯੋ ਸਵਾਰ ਸੁਦਾਮੈ ਕਾਜ।
ਫਿਰਤ ਫਿਰਤ ਪ੍ਰਭ ਆਏ ਥਾਰੈ॥
ਥਾਕ ਪਰੈ ਹਉਂ ਤਉਂ ਦਰ ਬਾਰੈ।''
ਸੇਵਾ ਹਰੀ ਇਮ ਅਰਜ ਗੁਜਾਰੀ।
''ਤੁਮ ਕਲਜੁਗ ਕੇ ਕ੍ਰਿਸ਼ਨ ਮੁਰਾਰੀ''
ਤਬ ਸਤਿਗੁਰ ਇਵ ਮਨ ਲਹਿਰਾਈ।
ਬਿਨ ਸਿਰ ਦੀਏ ਜਗਤ ਦੁਖ ਪਾਈ।
ਦਾਸ ਗੋਬਿੰਦ ਥੀ ਪਾਸ ਬਹਾਯੋ।
ਕਮਰ ਕਸਾ ਸਤਿਗੁਰੂ ਕਰਾਯੋ।
ਪੈਸੇ ਪਾਂਚ ਸ੍ਰੀ ਫਲ ਏਕ।
ਧਰ ਆਗੇ ਦਿਯੋ ਮਸਤਕ ਟੇਕ।
ਬਾਲ ਗੁਰੂ ਤਬ ਕਹਿਯੋ ਅਲਾਇ।
ਪਿਤਾ ਗੁਰੂ ਤਉ ਕਰੋ ਸਹਾਇ।

ਆਪ ਜੀ ਦੇ ਸਨਮੁਖ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚਰਵਾ ਦਿੱਤਾ ਗਿਆ। ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਅੱਗ ਲਗਾ ਅਤੇ ਭਾਈ ਦਿਆਲਾ ਜੀ ਨੂੰ ਦੇਗ਼ ਵਿਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ। ਪਰ ਆਪ ਅਡੋਲ ਰਹੇ ਤੇ ਉਸ ਪ੍ਰਭੂ ਨੂੰ ਯਾਦ ਕਰਦੇ ਰਹੇ। ਨਵੰਬਰ 1675 ਈ. ਨੂੰ ਚਾਂਦਨੀ ਚੌਂਕ ਵਿਚ ਗੁਰੂ ਸਾਹਿਬ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਜਿਹਨਾਂ ਦੇ ਧੜ ਨੂੰ ਲੱਖੀ ਸ਼ਾਹ ਵਣਜਾਰੇ ਨੇ ਗੱਡੇ ਉੱਪਰ ਰੱਖ ਕੇ ਆਪਣੇ ਘਰ ਲਿਜਾ ਕੇ ਸਸਕਾਰ ਕੀਤਾ ਤੇ ਆਪਣੇ ਘਰ ਨੂੰ ਹੀ ਅੱਗ ਦੇ ਭੇਟ ਉਤਾਰ ਦਿੱਤਾ ਤਾਂ ਜੋ ਮੁਗ਼ਲਾਂ ਨੂੰ ਕਿਸੇ ਕਿਸਮ ਦਾ ਨਿਸ਼ਾਨ ਆਦਿਕ ਨਾ ਮਿਲ ਸਕੇ। ਜਿੱਥੇ ਅੱਜਕਲ੍ਹ ਗੁਰੂਦੁਆਰਾ ਰਕਾਬਗੰਜ ਸੁਸ਼ੋਭਿਤ ਹੈ। ਇਸੇ ਪਰਿਵਾਰ ਵਿਚ ਦੋ ਪੋਤੇ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਨੇ ਦਾਦੀ ਮਾਂ ਅਤੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਪ੍ਰਾਪਤ ਜੀਵਨ ਸੇਧ ਸਦਕਾ ਜਿਸ ਦੀ ਗਵਾਹੀ ਦੇ ਰਹੀਆਂ ਇਹ ਤੁਕਾਂ –

ਦੇਹ ਸ਼ਿਵਾ ਬਰ ਮੋਹਿ ਇਹੈ॥ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।
ਨ ਡਰੋਂ ਅਰਿ ਸੋ ਜਬ ਜਾਇ ਲਰੋਂ॥ ਨਿਸਚੈ ਕਰ ਅਪਨੀ ਜੀਤ ਕਰੋਂ॥
ਜਬ ਆਣ ਕੀ ਔਧ ਨਿਧਾਨ ਬਨੈ॥ ਅਤ ਹੀ ਰਣ ਮੋਂ ਤਬ ਜੂਝ ਮਰੋਂ॥

ਚਮਕੌਰ ਦੀ ਗੜ੍ਹੀ ਵਿਚ ਸ਼ਹਾਦਤ ਪ੍ਰਾਪਤ ਕੀਤੀ। ਇਥੇ ਹੀ ਬਸ ਨਹੀਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਨੇ ਆਪਣੀ ਦਾਦੀ ਮਾਂ ਨਾਲ ਪਰਿਵਾਰ ਵਿਛੋੜੇ ਤੋਂ ਬਾਅਦ ਕੁੰਮਾ ਮਾਸ਼ਕੀ ਦੀ ਇਕ ਕੱਖਾਂ ਦੀ ਕੁਲੀ ਵਿਚ ਰਾਤ ਬਿਤਾਈ (ਜਿਥੇ ਅੱਜਕਲ੍ਹ ਇਕ ਗੁਰੂ ਘਰ ਸਥਿਤ ਹੈ ਜੋ 2012 ਵਿਚ ਹੋਂਦ ਵਿਚ ਆਇਆ) ਇਥੋਂ ਗੰਗੂ ਬ੍ਰਾਹਮਣ ਜੋ ਗੁਰੂ ਪਰਿਵਾਰ ਦਾ ਰਸੋਈਆ ਸੀ ਤੇ ਪੋਤੇ ਸਮੇਤ ਦਾਦੀ ਮਾਂ ਨੂੰ ਆਪਣੇ ਨਾਲ ਆਪ ਦੇ ਪਿੰਡ ਸਹੇੜੀ ਆਪ ਦੇ ਘਰ ਲੈ ਗਿਆ। ਧੰਨ ਦੌਲਤ ਜੋ ਮਾਤਾ ਜੀ ਪਾਸ ਸੀ ਵੇਖ ਮੰਨ ਵਿਚ ਲਾਲਚ ਆ ਗਿਆ ਤੇ ਮੋਰਿੰਡੇ ਆ ਕੇ ਹਾਕਮਾਂ ਤੋਂ ਇਨਾਮ ਦੇ ਲਾਲਚ ਵਿਚ ਪੁਲਿਸ ਨੂੰ ਇਤਲਾਹ ਦੇ ਦਿੱਤੀ ਤੇ ਪੁਲਿਸ ਦੇ ਹਵਾਲੇ ਇਹਨਾਂ ਤਿੰਨ ਮੈਂਬਰਾਂ ਨੂੰ ਕਰਵਾ ਦਿੱਤਾ। ਸੁੱਚਾਨੰਦ ਦੀ ਮਲੀਨ ਸੋਚ ਸਦਕਾ ਇਹਨਾਂ ਨੂੰ ਠੰਡੇ ਬੁਰਜ ਵਿਚ (ਫਤਿਹਗੜ੍ਹ ਸਾਹਿਬ) ਰੱਖਿਆ ਹੈ।

ਵਜ਼ੀਰ ਖਾਂ ਬੱਚਿਆਂ ਨੂੰ ਧਰਮ ਛੱਡਣ ਲਈ ਕਾਫੀ ਲਾਲਚ ਦਿੰਦਾ ਹੈ ਤੇ ਨਾਲ-ਨਾਲ ਤਸੀਹੇ ਦੇ ਕੇ ਡਰਾਉਣ ਦੀ ਵੀ ਕੋਸ਼ਿਸ਼ ਕਰਦਾ ਪਰ ਅਸਫਲ ਰਹਿੰਦਾ ਹੈ। ਵਜ਼ੀਰ ਖਾਂ ਨੂੰ ਇਹ ਨਹੀਂ ਸੀ ਪਤਾ ਕਿ ਇਹਨਾਂ ਬੱਚਿਆਂ ਵਿਚ ਖ਼ੂਨ ਦੇ ਨਾਲ-ਨਾਲ ਗੁਰਬਾਣੀ ਦਾ ਪ੍ਰਵਾਹ ਵੀ ਚਲਦਾ ਹੈ। ਅੰਤ ਵਜ਼ੀਰ ਖਾਂ ਦੇ ਸਾਰੇ ਯਤਨ ਫੇਲ ਹੋਏ ਤੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਦਿੱਤਾ ਗਿਆ।

ਗੁਰੂ ਗ੍ਰੰਥ ਸਾਹਿਬ ਵਿਚ ਵੀ ਹੱਕ ਇਨਸਾਫ਼ ਲਈ ਜਾਨ ਵਾਰ ਜਾਣ ਨੂੰ ਸਲਾਹਿਆ ਗਿਆ ਹੈ। ਸਿੱਖ ਦੇ ਕਦੇ ਵੀ ਡਰ ਵਿਚ ਆ ਕੇ ਆਪਣੇ ਸਿੱਖੀ ਅਸੂਲ ਨਹੀਂ ਛੱਡਣੇ, ਮੈਦਾਨ ਨਹੀਂ ਛੱਡਣਾ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

(ਅੰਗ 1105)

ਸੱਚ, ਇਨਸਾਫ਼, ਅਮਨ ਅਤੇ ਅਜ਼ਾਦੀ ਲਈ ਜੂਝਣਾ ਹੱਕ ਹੈ ਅਤੇ ਇਹਨਾਂ ਸਿਧਾਂਤਾਂ ਦੀ ਪਕਿਆਈ ਅਤੇ ਪ੍ਰਾਪਤੀ ਲਈ ਮੌਤ ਵੀ ਆ ਜਾਵੇ ਪਿੱਛੇ ਨਹੀਂ ਹੱਟਣਾ।

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੈ ॥
ਸੂਰੇ ਸੇਈ ਆਗੈਂ ਆਖੀਅਹਿ ਦਰ ਗਹ ਪਾਵਹਿ ਸਾਚੀ ਮਾਣੈ ॥

(ਅੰਗ 579-80)

ਸਿੱਖ ਕੌਮ ਦੇ ਸ਼ਹੀਦਾਂ ਦਾ ਇਤਿਹਾਸ ਜੇਕਰ ਕਲਮਬੰਦ ਕੀਤਾ ਜਾਵੇ ਤਾਂ ਪੂਰਾ ਇਤਿਹਾਸ ਸਮੇਟਿਆ ਨਹੀਂ ਜਾ ਸਕਦਾ।

ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਹੋਏ ਯੁੱਧਾਂ ਦੌਰਾਨ ਸ਼ਹੀਦ, ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਯੁੱਧਾਂ ਦੌਰਾਨ ਹੋਏ ਸ਼ਹੀਦ, ਛੋਟੇ ਤੇ ਵੱਡੇ ਘੱਲੂਘਾਰੇ ਦੌਰਾਨ ਹੋਏ ਸ਼ਹੀਦ, ਬਾਬਾ ਬੰਦਾ ਸਿੰਘ ਜੀ ਦੇ ਸਮੇਂ ਦੌਰਾਨ ਜੰਗਾਂ ਦੌਰਾਨ ਹੋਏ ਸ਼ਹੀਦ, ਪੰਜਾ ਸਾਹਿਬ ਦੇ ਸ਼ਹੀਦ, ਜੈਤੋ ਦੇ ਮੋਰਚੇ ਦੌਰਾਨ ਹੋਏ ਸ਼ਹੀਦ, ਗੁਰੂ ਕੇ ਬਾਗ ਦੇ ਸ਼ਹੀਦ, 1984 ਦੇ ਗੁਰੂ ਘਰ ਦੌਰਾਨ ਹੋਏ ਸ਼ਹੀਦ ਆਦਿਕ ਸਾਰਿਆਂ ਦੀ ਜੇ ਮੁੱਢਲੀ ਜਾਣਕਾਰੀ ਵੀ ਕਲਮਬੰਦ ਕਰੀਏ ਤਾਂ ਕਈ ਕਿਤਾਬਾਂ ਤਤਕਰੇ ਨਾਲ ਹੀ ਭਰ ਸਕਦੀਆਂ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਔਰੰਗਜ਼ੇਬ ਨੂੰ ਚਿੱਠੀ ਲਿਖੀ (ਜ਼ਫ਼ਰਨਾਮਾ) ਤਾਂ ਔਰੰਗਜ਼ੇਬ ਉਸ ਚਿੱਠੀ ਨੂੰ ਵਾਰ-ਵਾਰ ਪੜ੍ਹਦਾ ਤੇ ਆਖਰ ਪਾਗਲ ਹੋ ਜਾਂਦਾ ਹੈ। ਭਾਵ ਉਸ ਦਾ ਸੂਰਜ ਡੁੱਬ ਜਾਂਦਾ ਹੈ।

● ● ●

ਨੀਅਤ ਸਾਫ਼ ਤੇ ਮਕਸਦ ਸਹੀ ਹੋਵੇ ਤਾਂ ਪ੍ਰਮਾਤਮਾ ਕਿਸੇ ਨਾ ਕਿਸੇ ਰੂਪ ਵਿਚ ਤੁਹਾਡੀ ਮੱਦਦ ਕਰਦਾ ਹੈ।

● ● ●

ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

ਸੰਪਾਦਕ - ਸੁਰਿੰਦਰ ਸਿੰਘ ਰੂਬੀ

98141-28181

ਲੋਹੜੀ ਖੁਸ਼ੀਆਂ ਦਾ ਤਿਉਹਾਰ



ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੀ ਜ਼ਿੰਦਗੀ ਹੈ। ਮਨੁੱਖ ਨੇ ਖੁਸ਼ੀਆਂ, ਸਧਰਾਂ, ਚਾਵਾਂ, ਖੇੜਿਆਂ ਆਦਿ ਨੂੰ ਲੱਭਣ ਲਈ ਮੇਲਿਆਂ, ਤਿਉਹਾਰਾਂ ਨੂੰ ਹੋਂਦ ਵਿਚ ਲਿਆਂਦਾ ਹੈ। ਮਨੁੱਖ ਦੀ ਜ਼ਿੰਦਗੀ ਵਿਚ ਖੂਬਸੂਰਤੀਆਂ, ਜੀਣ ਦੀ ਨਵੀਂ ਉਮੰਗ, ਇਕ ਲਲਕ, ਇਕ ਇੱਛਾ ਪੈਦਾ ਕਰਦੇ ਨੇ ਮੇਲੇ ਤੇ ਤਿਉਹਾਰ।

ਲੋਹੜੀ ਮਾਘ ਮਹੀਨੇ ਦੀ ਸੰਗਰਾਂਦ ਤੋਂ ਪਹਿਲੀ ਰਾਤ ਨੂੰ ਮਨਾਈ ਜਾਂਦੀ ਹੈ। ਕਿਸਾਨ ਹਾੜ੍ਹੀ ਦੀਆਂ ਫਸਲਾਂ ਬੀਜ ਕੇ ਵਿਹਲਾ ਹੋ ਚੁਕਿਆ ਹੁੰਦਾ ਹੈ ਤੇ ਇਸ ਤਿਉਹਾਰ ਨੂੰ ਚਾਵਾਂ, ਸਧਰਾਂ ਨਾਲ ਮਨਾਉਂਦਾ ਹੈ ਜਿਸ ਘਰ ਵਿਚ ਲੜਕਾ ਹੋ ਜੰਮਿਆਂ ਹੋਵੇ ਉਸ ਦੀ ਸ਼ਗਨਾਂ ਨਾਲ, ਖੁਸ਼ੀਆਂ ਨਾਲ ਲੋਹੜੀ ਪਾਈ ਜਾਂਦੀ। ਬੈਂਡ-ਵਾਜੇ ਵਜਾਏ ਜਾਂਦੇ ਹਨ। ਬਾਜ਼ੀਗਰਨਾ, ਗਲੋਲਨੀਆਂ ਅਤੇ ਭੰਡ ਗਿਸ਼ਤਿਆਂ, ਨਾਤਿਆਂ ਦੇ ਗੀਤ ਅਤੇ ਟੱਪੇ ਆਦਿ ਸੁਣਾ ਕੇ ਹਾਸ ਵਿਅੰਗ ਦੇ ਮਖੌਲ-ਗਾਇਨ ਸੁਣਾ ਕੇ ਆਪਣੀ ਬਣਦੀ ਲੋਹੜੀ (ਵਧਾਈ) ਬਟੋਰ ਕੇ ਲੈ ਜਾਂਦੇ ਹਨ। ਇਸ ਦਿਨ ਹਰ ਘਰ ਵਿਚ ਮੂੰਗਫਲੀ, ਰਿਉੜੀਆਂ, ਚਿੜਵੜੇ, ਗਚਕ, ਭੁੱਗਾ, ਤਿੱਲਚੌਲੀ, ਮੱਕੀ ਦੇ ਫੁੱਲੇ, ਭੁੱਜੇ ਦਾਣੇ, ਗੁੜ, ਫੁੱਲ ਆਦਿ ਲੋਹੜੀ ਵੰਡਣ ਲਈ ਰੱਖੇ ਜਾਂਦੇ ਹਨ। ਗੰਨੇ ਦੀ ਰਹੁ (ਰਸ) ਦੀ ਖੀਰ ਬਣਾਈ ਜਾਂਦੀ ਹੈ। ਦਹੀ ਦੇ ਨਾਲ ਇਸਦਾ ਆਪਣਾ ਹੀ ਸੁਆਦ ਹੁੰਦਾ ਹੈ। ਜਿਸ ਨਵ-ਜੰਮੇ ਬੱਚੇ ਦੀ ਲੋਹੜੀ ਪਾਈ ਜਾਂਦੀ ਹੈ। ਦਾਦਕੇ, ਨਾਨਕੇ, ਰਿਸ਼ਤੇਦਾਰ ਉਸ ਲਈ ਸੁੰਦਰ ਕੱਪੜੇ, ਖਿਡਾਉਣੇ ਅਤੇ ਜੇਵਰਾਤ ਆਦਿ ਬਣਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ।

ਅੱਜ ਕੱਲ੍ਹ ਲੜਕੀਆਂ ਦੇ ਜੰਮਨ ਦੀ ਖੁਸ਼ੀ ਵੀ ਓਨੇ ਹੀ ਪ੍ਰੇਮ ਅਤੇ ਸਧਰਾਂ, ਚਾਵਾਂ ਨਾਲ ਮਨਾਈ ਜਾਂਦੀ ਹੈ। ਵਿਕਸਿਤ ਅਤੇ ਉੱਨਤ ਪਰਿਵਾਰਾਂ ਵਿਚ ਲੜਕੀਆਂ ਦੀ ਵੀ ਲੋਹੜੀ ਪਾਈ ਜਾਂਦੀ ਅਤੇ ਲੜਕੇ ਨਾਲੋਂ ਵੱਧ ਚਾਅ, ਖੁਸ਼ੀਆਂ ਲੜਕੀ ਦੀ ਲੋਹੜੀ 'ਤੇ ਕਰਦੇ ਹਨ। ਜਿਸ ਲੜਕੀ ਦੀ ਲੋਹੜੀ ਪਾਈ ਜਾਵੇ, ਰਿਸ਼ਤੇਦਾਰ ਉਸਨੂੰ ਗਹਿਣੇ ਅਤੇ ਖਾਸ ਕਰਕੇ ਪੈਰਾਂ ਦੀਆਂ ਝਾਂਜਰਾਂ ਦੇਣਾ ਸ਼ੁੱਭ ਸ਼ਗਨ ਸਮਝਦੇ ਹਨ। ਇਸ ਦਿਨ ਘਰਾਂ ਦੇ ਵਿਹੜਿਆਂ ਵਿਚ, ਸੰਸਥਾਵਾਂ ਵਿਚ, ਸੱਥਾਂ, ਮੁਹੱਲਿਆਂ, ਬਜ਼ਾਰਾਂ ਆਦਿ ਵਿਚ ਲੰਬੀਆਂ ਲਕੜਾ ਦੇ ਢੇਰ ਬਣਾ ਕੇ ਜਾਂ ਗੋਹੇ ਦੀਆਂ ਪਾਥੀਆਂ ਅਤੇ ਟੱਕਲਿਆਂ ਦਾ ਢੇਰ ਬਣਾ ਕੇ ਉਸ ਦੀ ਅਗਨੀ ਦੇ ਸੇਕ ਦਾ ਲੁਤਫ ਲਿਆ ਜਾਂਦਾ ਹੈ। ਚਾਰ-ਚੁਫੇਰੇ ਪਸਰੀ ਠੰਢ ਅਤੇ ਰੂੰ ਵਾਂਗ ਫੈਲੀ ਧੂੰਦ ਵਿਚ ਸੇਕ ਦਾ ਆਪਣਾ ਹੀ ਆਨੰਦ ਹੁੰਦਾ ਹੈ। ਇਸ ਅਗਨੀ ਵਿਚ ਤਿਲ ਆਦਿ ਸੁੱਟਦੇ ਹਨ। ਘਰਾਂ ਵਿੱਚ ਸਾਰੇ ਦਾ ਸਾਰਾ ਪਰਿਵਾਰ ਬੈਠ ਕੇ ਖੁਸ਼ੀ ਦੀ ਅਭਿਵਿਅਕਤੀ ਲਈ ਗੀਤ, ਟੱਪੇ ਗਾਉਂਦੇ ਹਨ। ਦੇਰ ਰਾਤ ਤੱਕ ਢੋਲਕੀ ਦੀ ਆਵਾਜ਼, ਢੋਲ ਦੇ ਫੜਕਦੇ ਤਾਲ, ਗਿੱਧੇ ਦੀ ਧਮਕ ਅਤੇ ਗੀਤਾਂ ਦੀ ਲੈ ਸੁਣਾਈ ਦਿੰਦੀ ਰਹਿੰਦੀ ਹੈ। ਰਿਸ਼ਤਿਆਂ ਦੀ ਖੁਸ਼ਬੂਅ, ਮੋਹ, ਮਮਤਾ ਅਤੇ ਪਿਆਰ ਦਾ ਨਜ਼ਾਰਾ ਚਹੁੰ ਪਾਸੇ ਪਸਰਿਆ ਨਜ਼ਰ ਆਉਂਦਾ ਹੈ।

ਲੋਹੜੀ ਦੇ ਤਿਉਹਾਰ ਨਾਲ ਕਈ ਕਥਾਵਾਂ ਪ੍ਰਚਲਿਤ ਹਨ। ਦੱਸਿਆ ਜਾਂਦਾ ਹੈ ਕਿ ਦੁੱਲਾ ਭੱਟੀ ਇਕ ਅਣਖੀ ਸੂਰਮਾ ਹੋਇਆ ਹੈ। ਉਹ ਜ਼ਾਲਮਾਂ, ਬੇਇਮਾਨਾਂ ਅਤੇ ਧੋਖੇਬਾਜ਼ ਲੋਕਾਂ ਨੂੰ ਹੀ ਲੁੱਟਦਾ ਸੀ। ਦੀਨ-ਦੁਖੀਆਂ, ਬੇ-ਸਹਾਰਿਆਂ, ਲੋੜਵੰਦਾਂ ਅਤੇ ਗਰੀਬਾਂ ਦੀ ਖੁੱਲ੍ਹ ਕੇ ਮਦਦ ਕਰਦਾ ਹੈ। ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸੁੰਦਰੀ ਅਤੇ ਮੁੰਦਰੀ ਸਨ। ਉਹ ਉਨ੍ਹਾਂ ਦਾ ਵਿਆਹ ਨਹੀਂ ਸੀ ਕਰ ਸਕਦਾ। ਦੁੱਲੇ ਭੱਟੀ ਨੇ ਉਨ੍ਹਾਂ ਗਰੀਬ ਲੜਕੀਆਂ ਦੀ ਸ਼ਾਦੀ ਕਰਵਾਈ ਅਤੇ ਮੌਕੇ 'ਤੇ ਉਸ ਕੋਲ ਜੋ ਬਣਦਾ-ਸਰਦਾ ਸੀ ਉਨ੍ਹਾਂ ਲੜਕੀਆਂ ਦੀ ਝੋਲੀ ਵਿਚ ਪਾਇਆ। ਸੁੰਦਰ ਮੁੰਦਰੀਏ ਹੋ ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ, ਹੋ ਦੁੱਲੇ ਨੇ ਧੀ ਵਿਆਹੀ ਹੋ, ਸ਼ੇਰ ਸ਼ੱਕਰ ਪਾਈ ਹੋ, ਕੁੜੀ ਦੇ ਬੋਝੇ ਪਾਈ, ਹੋ ਕੁੜੀ ਦਾ ਲਾਲ ਪਟਾਕਾ ਹੋ, ਕੁੜੀ ਦਾ ਸ਼ਾਲੂ ਪਾਟਾ, ਹੋ, ਸ਼ਾਲੂ ਕੌਣ ਸਮੇਟੇ, ਹੋ, ਚਾਚਾ ਗਾਲੀ ਦੇਸੇ, ਹੋ, ਚਾਚੇ ਚੂਰੀ ਕੁੱਟੀ ਹੈ, ਜ਼ਿਮੀਦਾਰਾਂ ਲੁਟੀ, ਹੋ ਜ਼ਿਮੀਦਾਰ ਸਦਾਓ ਹੋ, ਗਿਣ-ਗਿਣ ਪੋਲੇ ਲਾਉ, ਇਕ ਪੋਲਾ ਘਸ ਗਿਆ, ਜ਼ਿਮੀਦਾਰ ਵਹੁਟੀ ਲੈ ਕੇ ਨਸ ਗਿਆ, ਹੋ, ਹੋ, ਹੋ, ਹੋ, ਹੋ, ਹੋ, ਹੋ, ਹੋ।

ਲੜਕੇ-ਲੜਕੀਆਂ ਵੀ ਇਸ ਦਿਨ ਲੋਹੜੀ ਮੰਗਦੇ ਹਨ। ਟੋਲੀਆਂ ਬਣਾ ਕੇ ਲੋਹੜੀ ਮੰਗਣ ਦਾ ਆਪਣਾ ਹੀ ਇਕ ਮਜ਼ਾ ਹੈ। ਭਾਵੇਂ ਲੋਹੜੀ ਦੇ ਗੀਤ ਅਲੋਪ ਹੁੰਦੇ ਜਾ ਰਹੇ ਹਨ ਪਰ ਪੁਰਾਣੇ ਬਜ਼ੁਰਗਾਂ ਨੂੰ ਅਜੇ ਵੀ ਇਹ ਗੀਤ ਜ਼ੁਬਾਨੀ ਯਾਦ ਹਨ।

ਲੋਹੜੀ ਤੇ ਦੂਸਰੇ ਦਿਨ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੋਹ ਦੇ ਮਹੀਨੇ ਕਾਫੀ ਠੰਢ ਪੈਂਦੀ ਹੈ। ਇਸ ਮਹੀਨੇ ਵਿਚ ਵਿਆਹ ਨਹੀਂ ਕੀਤੇ ਜਾਂਦੇ। ਮਾਘ ਦੇ ਮਹੀਨੇ ਵਿਚ ਸਰਦੀ ਤਾਂ ਹੁੰਦੀ ਹੈ ਪਰ ਵਿਆਹ ਜ਼ਿਆਦਾ ਇਸ ਮਹੀਨੇ ਹੀ ਕੀਤੇ ਜਾਂਦੇ ਹਨ। ਇਸੇ ਮਹੀਨੇ ਮਾਘੀ ਦਾ ਤਿਉਹਾਰ ਮੁਕਤਸਰ ਵਿਖੇ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ।

ਲੋਹੜੀ ਦਾ ਤਿਉਹਾਰ ਭਾਰਤ ਵਿਚ ਹੀ ਨਹੀਂ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਧੂਮ-ਧਾਮ ਨਾਲ ਤੇ ਸ਼ਰਧਾ ਨਾਲ ਮਨਾਉਂਦੇ ਹਨ। ਸ਼ਾਲਾ ! ਲੋਹੜੀ ਭਾਰਤ ਨੂੰ ਖੁਸ਼ੀਆਂ, ਸ਼ਾਂਤੀ, ਤਰੱਕੀ, ਭਾਈਚਾਰਾ, ਸਦਭਾਵਨਾ ਅਤੇ ਵੱਖ-ਵੱਖ ਧਰਮਾਂ ਦੇ ਖਿੜਦੇ ਤਾਰਿਆਂ ਨੂੰ ਇਕ ਮਾਨਵਤਾ ਦੇ ਅੰਬਰ ਦੇ ਧਾਗੇ ਵਿਚ ਪਰੋ ਕੇ ਰੱਖੇ। ਜਿਸ ਤੋਂ ਸਾਂਝੀਵਾਲਤਾ ਦੇ ਰਿਸ਼ਤੇ ਦੀ ਖੁਸ਼ਬੂਅ ਹਮੇਸ਼ਾ-ਹਮੇਸ਼ਾ ਆਉਂਦੀ ਰਹੇ।

ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535



ਦਸੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ

ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. ਫਾਊਂਡੇਸ਼ਨ ਦੀ ਆਮਦਨ ਅਤੇਖਰਚੇ ਦਾ ਵੇਰਵਾ - ਦਸੰਬਰ 2025 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ (ਸੀਨੀ. ਮੈਨੇਜਰ, (ਰਿਟਾ.)), ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਦਸੰਬਰ ਮਹੀਨੇ ਦੀ ਕੁੱਲ ਆਮਦਨ-5,51,101.00/- ਰੁਪਏ

ਦਸੰਬਰ ਮਹੀਨੇ ਦਾ ਕੁੱਲ ਖਰਚਾ- 10,61,285.87/- ਰੁਪਏ

ਸਾਰੇ ਮੈਂਬਰ ਸਾਹਿਬਾਨ ਜੀ ਨੂੰ ਸੂਚਿਤ ਕਰਦਿਆਂ ਅਸੀਂ ਬਹੁਤ ਖੁਸ਼ੀ ਮਹਿਸੂਸ ਕਰ ਰਹੇ ਹਾਂ ਕਿ ਲੁਬਾਣਾ ਭਵਨ ਵਿਚ ਬਿਜਲੀ ਦੀ ਸਪਲਾਈ ਚਲੇ ਜਾਣ 'ਤੇ ਜਨਰੇਟਰ ਦੀ ਅਹਿਮ ਲੋੜ ਸੀ ਅਤੇ ਇਸ ਮੁੱਖ ਲੋੜ ਨੂੰ ਪੂਰੀ ਕਰਦਿਆਂ ਭਵਨ ਵਿੱਚ 58.5 ਕੇ.ਵੀ.ਏ. ਕਰਲੋਸਕਰ ਕੰਪਨੀ ਦਾ ਜਨਰੇਟਰ ਸਥਾਪਿਤ ਕੀਤਾ ਗਿਆ। ਇਸ ਉਪਰ 6,96,200 ਰੁਪਏ ਖਰਚ ਹੋਏ ਹਨ।

2. ਦਸੰਬਰ ਮਹੀਨੇ ਦੀ ਸੰਗਰਾਂਦ ਬਾਰੇ - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 15.12.2025 ਨੂੰ ਪੋਹ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਬੜੇ ਹੀ ਸ਼ਰਧਾ-ਭਾਵ ਨਾਲ ਮਨਾਇਆ ਗਿਆ। ਸੰਗਰਾਂਦ ਦੇ ਇਸ ਮੌਕੇ ਤੇ ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਜੀ ਨੇ ਆਪਣੀ ਹਾਜ਼ਰੀ ਭਰੀ ਅਤੇ ਆਪਣੇ ਵੱਡਮੁੱਲੇ ਵਿਚਾਰ ਅਤੇ ਪੋਹ ਦੇ ਮਹੀਨੇ ਦੇ ਇਤਿਹਾਸਿਕ ਮਹੱਤਵ ਨਾਲ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਤੇ ਗੁਰੂ ਘਰ ਦੇ ਕੀਰਤਨੀ ਜੱਥੇ ਨੇ ਬਹੁਤ ਹੀ ਰੱਸਭਿੰਨਾਂ ਕੀਰਤਨ ਕਰਕੇ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸੀਨੀ. ਮੀਤ ਪ੍ਰਧਾਨ (ਹੈ.ਕੁ.), ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਸੀਨੀ. ਵਾਇਸ ਪ੍ਰਧਾਨ ਹੈ. ਕੁ. ਨੇ ਇਸ ਮੌਕੇ ਤੇ ਆਈਆਂ ਹੋਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਇਸੇ ਤਰ੍ਹਾਂ ਹਰ ਸੰਗਰਾਂਦ ਦੇ ਦਿਹਾੜੇ ਤੇ ਵੱਧ-ਚੜ੍ਹ ਕੇ ਹਾਜ਼ਰੀ ਭਰਨ ਲਈ ਉਤਸਾਹਿਤ ਕੀਤਾ।

3. ਡੈਂਟਲ ਕਲੀਨਿਕ ਦੀ ਰਿਪੋਰਟ - ਡਾ. ਅਕਸ਼ੇ ਠਾਕੁਰ (ਐਮ.ਡੀ.ਐਸ.) ਡੈਂਟਲ ਕਲੀਨਿਕ ਦਾ ਕੰਮ ਬਹੁਤ ਹੀ ਸ਼ਲਾਘਾਂ ਯੋਗ ਢੰਗ ਨਾਲ ਅਤੇ ਬੜੀ ਹੀ ਜ਼ਿੰਮੇਵਾਰੀ ਨਾਲ ਨਿਭਾ ਰਹੇ ਹਨ। ਚੰਗੀ ਗਿਣਤੀ ਵਿਚ ਮਰੀਜ਼ ਭਵਨ ਵਿਖੇ ਚਲ ਰਹੇ ਡੈਂਟਲ ਕਲੀਨਿਕ ਦੀਆਂ ਸੇਵਾਵਾਂ ਤੋਂ ਲਾਹਾ ਲੈ ਰਹੇ ਹਨ ।

4. ਭਵਨ ਵਿਖੇ ਨਵਾਂ 58.5 ਕੇ.ਵੀ.ਏ. ਦਾ ਜਨਰੇਟਰ ਸਥਾਪਿਤ ਹੋਇਆ - ਲੁਬਾਣਾ ਭਵਨ ਵਿੱਚ ਬਿਜਲੀ ਦੇ ਕੱਟ ਦੇ ਦੌਰਾਨ ਕੋਈ ਵੀ ਇਨਵਰਟਰ ਜਾਂ ਬਿਜਲੀ ਸਪਲਾਈ ਬੈਕਅਪ ਨਹੀਂ ਸੀ ਇਸ ਕਰਕੇ ਬਿਜਲੀ ਦੀ ਸਪਲਾਈ ਚਲੇ ਜਾਣ 'ਤੇ ਅਸੁਵਿਧਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਭਾਈ ਮਨੀ ਸਿੰਘ ਬਲਾਕ ਦੇ ਰਿਹਾਇਸ਼ੀ ਕਮਰਿਆਂ ਅਤੇ ਲਿਫ਼ਟ ਲਈ ਬੈਕਅੱਪ ਸਪਲਾਈ ਦਾ ਹੋਣਾ ਅਤਿ ਜ਼ਰੂਰੀ ਸੀ। ਲੁਬਾਣਾ ਭਵਨ ਵਿਖੇ ਕਿਸੇ ਵੀ ਤਰ੍ਹਾਂ ਦੀ ਬੈਕਅਪ ਸਪਲਾਈ ਦਾ ਨਾ ਹੋਣਾ ਬਹੁਤ ਹੀ ਅਚੰਭੇ ਵਾਲੀ ਗੱਲ ਲੱਗ ਰਹੀ ਸੀ। ਇੰਜ. ਭਗਵਾਨ ਸਿੰਘ ਲੁਬਾਣਾ ਦੇ ਆਦੇਸ਼ਾਂ ਅਨੁਸਾਰ ਉਪਰੋਕਤ ਕਾਰਜ ਨੂੰ ਪੂਰਾ ਕਰਨ ਲਈ ਇਕ ਉੱਚ ਪਾਏ ਦੀ ਤਕਨੀਕੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਨੇ ਬਹੁਤ ਹੀ ਤਕਨੀਕੀ ਤੌਰ 'ਤੇ ਪੜਤਾਲ ਕਰਨ ਉਪਰੰਤ ਭਵਨ ਦੇ ਮੌਜੂਦਾ ਲੋਡ ਮੁਤਾਬਕ 58.5 ਕੇ.ਵੀ.ਏ./60 ਕੇ.ਵੀ.ਏ. ਦਾ ਜਨਰੇਟਰ ਲੈਣ ਵਾਸਤੇ ਵੱਖੋ-ਵੱਖਰੀਆਂ ਉੱਚ ਪਾਏ ਦੀਆਂ ਕੰਪਨੀਆਂ

ਤੋਂ ਕੁਟੇਸ਼ਨਾਂ ਲਈਆਂ ਅਤੇ ਸਹੀ ਜਾਂਚ ਕਰਕੇ ਕਰਲੋਸਕਰ ਕੰਪਨੀ ਦਾ ਡੀ.ਜੀ. ਸੈਟ ਲਗਾਉਣ ਦਾ ਪ੍ਰਧਾਨ ਜੀ ਅਤੇ ਕੰਪਨੀ ਦੇ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਨ ਉਪਰੰਤ ਇਹ ਸੈੱਟ ਲਗਵਾਇਆ ਗਿਆ। ਇਹ ਜਨਰੇਟਰ ਸੈੱਟ ਦਾ ਉਦਘਾਟਨ 25 ਦਸੰਬਰ 2025 ਨੂੰ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਜੀ ਅਤੇ ਸਮੂਹ ਕਮੇਟੀ ਮੈਂਬਰਾਨ ਵੱਲੋਂ ਅਰਦਾਸ ਉਪਰੰਤ ਕੀਤਾ ਗਿਆ।

5. **ਜ਼ੋਨਲ ਪਲਾਨ ਵਿਚ ਸੁਧਾਰ ਸੰਬੰਧੀ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ ਦੇ ਜ਼ੋਨਲ ਪਲਾਨ ਦੀ ਸਥਿਤੀ ਜਿਉਂ ਦੀ ਤਿਓਂ ਬਣੀ ਹੋਈ ਹੈ। ਚੀਫ਼ ਆਰਕੀਟੈਕਟ, ਚੰਡੀਗੜ੍ਹ ਦੇ ਦਫ਼ਤਰ ਵਿਚ ਕਰਨਲ ਗੁਰਦੀਪ ਸਿੰਘ ਵਾਈਸ ਪ੍ਰੈਜ਼ੀਡੈਂਟ ਹੈੱਡ ਕੁਆਟਰ ਵੱਲੋਂ ਲਗਾਤਾਰ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਇਸ ਸਬੰਧੀ ਉਮੀਦ ਕੀਤੀ ਜਾਂਦੀ ਹੈ ਕਿ ਸਸ਼ੋਧਿਤ ਜ਼ੋਨਲ ਪਲਾਨ ਜਲਦ ਹੀ ਪਾਸ ਹੋ ਜਾਏਗਾ । ਇਸ ਜ਼ੋਨਲ ਪਲਾਨ ਦੇ ਪਾਸ ਹੋਣ ਉਪਰੰਤ ਹੀ ਉਸਾਰੀ ਅਧੀਨ ਬਿਲਡਿੰਗ ਦੀ ਕਾਰਵਾਈ ਸੰਭਵ ਹੈ।

6. **ਫ਼ਾਇਰ-ਫ਼ਾਇਟਿੰਗ ਦੀ ਐਨ.ਓ.ਸੀ ਬਾਰੇ** - ਫਾਇਰ ਫਾਈਟਿੰਗ ਸੰਬੰਧੀ ਮੌਜੂਦਾ ਸਥਿਤੀ ਬਾਰੇ ਇਹ ਦੱਸਣਾ ਉਚਿਤ ਹੈ ਕਿ ਸੰਬੰਧਿਤ ਵਿਭਾਗਾਂ ਨਾਲ ਲਗਾਤਾਰ ਸੰਪਰਕ ਬਣਾਇਆ ਹੋਇਆ ਹੈ ਅਤੇ ਸਾਰੀਆਂ ਲੋੜੀਂਦੀਆਂ ਕਾਰਵਾਈਆਂ ਪੂਰੀ ਜ਼ਿੰਮੇਵਾਰੀ ਅਤੇ ਗੰਭੀਰਤਾ ਨਾਲ ਕੀਤੀਆਂ ਜਾ ਰਹੀਆਂ ਹਨ। ਸਾਡੀ ਪੂਰੀ ਕੋਸ਼ਿਸ਼ ਹੈ ਕਿ ਸਾਰੀਆਂ ਔਪਚਾਰਿਕਤਾਵਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਕੇ ਆਉਣ ਵਾਲੇ ਨਿਕਟ ਭਵਿੱਖ ਵਿੱਚ ਫਾਇਰ ਫਾਈਟਿੰਗ ਪ੍ਰਾਪਤ ਕੀਤਾ ਜਾ ਸਕੇ।

7. **ਐਨ.ਡੀ.ਸੀ. ਅਤੇ ਰਿਵਾਇਜ਼ਡ ਬਿਲਡਿੰਗ ਪਲਾਨ ਅਤੇ ਐਸ.ਡੀ.ਐਮ. (ਈਸਟ) ਵਿਖੇ ਚੱਲ ਰਹੇ ਕੇਸ ਦਾ ਵੇਰਵਾ-** ਐਨਡੀਸੀ,, ਸੰਸੋਧਿਤ ਬਿਲਡਿੰਗ ਪਲਾਨ ਦੀ ਮਨਜ਼ੂਰੀ ਅਤੇ ਐਸ.ਡੀ.ਐਮ. ਈਸਟ ਦਫਤਰ ਵਿੱਚ ਚੱਲ ਰਹੇ ਮਾਮਲੇ ਸਬੰਧੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਣਾ ਉਚਿਤ ਹੈ ਕਿ ਨਵਾਂ ਐਨਡੀਸੀ ਲਈ ਅਰਜੀ ਦਾਖਲ ਕੀਤੀ ਜਾ ਚੁੱਕੀ ਹੈ, ਜੋ ਕਿ ਆਉਣ ਵਾਲੇ ਪੰਦਰਵਾੜੇ ਦੌਰਾਨ ਪ੍ਰਾਪਤ ਹੋਣ ਦੀ ਉਮੀਦ ਹੈ। ਸੰਸੋਧਿਤ ਬਿਲਡਿੰਗ ਪਲਾਨ ਤਿਆਰ ਕਰ ਲਿਆ ਗਿਆ ਹੈ ਅਤੇ ਇਹ ਐਨਡੀਸੀ ਅਤੇ ਜ਼ੋਨਲ ਪਲਾਨ ਵਿੱਚ ਲੋੜੀਂਦੀ ਸੋਧ ਦੇ ਉਪਰਾਂਤ ਮਨਜ਼ੂਰੀ ਲਈ ਪੇਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਐਸ.ਡੀ.ਐਮ. ਈਸਟ ਦਫਤਰ ਵਿੱਚ ਚੱਲ ਰਹੇ ਕੇਸ ਸਬੰਧੀ 29 ਦਸੰਬਰ ਨੂੰ ਪੇਸ਼ੀ ਨਿਰਧਾਰਤ ਸੀ, ਪਰ ਉਸ ਦਿਨ ਐਸ.ਡੀ.ਐਮ. ਦੀ ਗੈਰਹਾਜ਼ਰੀ ਕਾਰਨਅਗਲੀ ਤਾਰੀਖ ਅਪ੍ਰੈਲ ਮਹੀਨੇ ਵਿੱਚ ਦਿੱਤੀ ਗਈ ਹੈ।

8. **ਮੈਰਿਟ-ਕਮ-ਮੀਨਜ਼ ਸ਼ਕਾਲਰਸ਼ਿਪ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.), ਚੰਡੀਗੜ੍ਹ ਵਲੋਂ ਮੈਰਿਟ ਕਮ ਮੀਨਜ਼ ਸ਼ਕਾਲਰਸ਼ਿਪ ਸਕੀਮ ਦੇ ਅਧੀਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਨ ਲਈ ਸਾਲ 2024-25 ਦੇ ਸ਼ਕਾਲਰਸ਼ਿਪ ਫ਼ਾਰਮ ਜਮਾਂ ਕਰਾਉਣ ਦੀ ਨਿਰਧਾਰਿਤ ਮਿਤੀ 15.02.2026 ਤੱਕ ਹੈ ਅਤੇ ਇਸ ਦਾ ਬਿਨੈਪੱਤਰ ਲੁਬਾਣਾ ਸੇਵਕ ਮੈਗਜ਼ੀਨ ਵਿਚ ਲਗਾਤਾਰ ਛਾਪਿਆ ਜਾ ਰਿਹਾ ਹੈ ਅਤੇ ਫ਼ਾਰਮ ਦੀ ਕਾਪੀ ਤੁਸੀਂ ਭਵਨ ਦੇ ਮੋਬਾਇਲ ਨੰਬਰ 73470-65188 ਤੇ ਕਾਲ ਜਾਂ ਵਟਸ-ਐਪ ਰਾਹੀ ਵੀ ਪ੍ਰਾਪਤ ਕਰ ਸਕਦੇ ਹੋ। ਉਕਤ ਸ਼ਕਾਲਰਸ਼ਿਪ ਫ਼ਾਰਮ ਭਵਨ ਦੇ ਦਫ਼ਤਰ ਵਿਚ ਸਾਰੇ ਜਰੂਰੀ ਦਸਤਾਵੇਜ਼ਾਂ ਸਮੇਤ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 05 ਵਜੇ ਤੱਕ ਜਮਾਂ ਕਰਵਾ ਸਕਦੇ ਹੋ ਜਾਂ ਡਾਕ ਰਾਹੀ ਵੀ ਭੇਜ ਸਕਦੇ ਹੋ । ਲੁਬਾਣਾ ਫਾਊਂਡੇਸ਼ਨ ਦੇ ਸਮੂਹ ਮੈਂਬਰਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਕੀਮ ਅਧੀਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀ ਨਾਲ ਸੰਪਰਕ ਕਰਕੇ ਉਨ੍ਹਾਂ ਦੇ ਕੇਸ ਲੁਬਾਣਾ ਭਵਨ ਵਿਖੇ ਭੇਜੇ ਜਾਣ ਤਾਂ ਕਿ ਵਿਦਿਅਕ ਖੇਤਰ ਵਿਚ ਫਾਊਂਡੇਸ਼ਨ ਵੱਲੋਂ ਵੱਧ ਤੋਂ ਵੱਧ ਕੰਮ ਕੀਤਾ ਜਾ ਸਕੇ।

9. **ਭਵਨ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ** - ਦਸੰਬਰ ਮਹੀਨੇ ਦੌਰਾਨ ਭਵਨ ਦੇ ਪ੍ਰਾਂਗਣ ਵਿੱਚ ਕਈ ਮਹੱਤਵਪੂਰਨ ਵਿਕਾਸ ਕਾਰਜ ਸਫਲਤਾਪੂਰਵਕ ਪੂਰੇ ਕੀਤੇ ਗਏ। ਇਸ ਅਧੀਨ ਬਿਜਲੀ ਸਪਲਾਈ ਨੂੰ ਸੁਚਾਰੂ ਅਤੇ ਨਿਰਵਿਘਨ ਬਣਾਈ ਰੱਖਣ ਲਈ ਨਵਾਂ ਡੀ.ਜੀ. ਸੈੱਟ ਸਥਾਪਿਤ ਕੀਤਾ ਗਿਆ ਹੈ, ਜਿਸ ਨਾਲ ਐਮਰਜੈਂਸੀ ਹਾਲਾਤਾਂ ਵਿੱਚ ਵੀ ਬਿਜਲੀ ਦੀ ਉਪਲਬਧਤਾ ਯਕੀਨੀ ਬਣੇਗੀ। ਇਸਦੇ ਨਾਲ ਹੀ ਭਵਨ ਵਿੱਚ ਮੌਜੂਦ ਪਾਰਕ ਦੀ ਸੁੰਦਰਤਾ ਵਧਾਉਣ ਲਈ ਸੁੰਦਰੀਕਰਨ ਦਾ ਕੰਮ ਵੀ ਸ਼ੁਰੂ ਕਰਕੇ ਨਿਰੰਤਰ ਜਾਰੀ ਹੈ, ਜਿਸ ਵਿੱਚ ਹਰਿਆਵਲੀ, ਸਫਾਈ ਅਤੇ ਸੌਂਦਰਿਆਕ ਤੱਤਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਤਾਂ ਜੋ ਪ੍ਰਾਂਗਣ ਨੂੰ ਹੋਰ ਆਕਰਸ਼ਕ ਅਤੇ ਸੁਖਦ ਬਣਾਇਆ ਜਾ ਸਕੇ।

ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

ਊਧਮਪੁਰ ਤੋਂ ਸ੍ਰੀਨਗਰ : ਅਗਲੇ ਦਿਨ ਬਰੇਕਫਾਸਟ ਤੋਂ ਬਾਅਦ ਸ੍ਰੀਨਗਰ ਲਈ ਚਲ ਪਏ। ਰਾਹ ਵਿਚ ਚੜ੍ਹਾਈ ਦੇ ਨਾਲ-ਨਾਲ ਫੌਜ ਅਤੇ ਨੀਮ ਫੌਜੀ ਸੁਰੱਖਿਆ ਦਸਤਿਆਂ ਦੀਆਂ ਕਾਨਵੇ ਦੀਆਂ ਗੱਡੀਆਂ ਅਤੇ ਸਾਮਾਨ ਨਾਲ ਭਰੇ ਆਉਂਦੇ ਜਾਂਦੇ ਟਰੱਕਾਂ ਕਰਕੇ ਟਰੈਫਿਕ ਦੀ ਵਾਧੂ ਭੀੜ ਸੀ। ਰਸਤੇ ਵਿਚ ਇਕ ਖ਼ੂਨੀ ਨਾਲਾ ਵੀ ਆਇਆ ਜਿੱਥੇ ਪੱਥਰ ਡਿੱਗਣ ਕਰਕੇ ਬਹੁਤ ਹਾਦਸੇ ਹੁੰਦੇ ਸੀ। ਇਸ ਦਾ ਕਾਰਨ ਕਿਸੇ ਗਾਇਬੀ ਰੂਹ ਦੇ ਵਹਿਮ ਨੂੰ ਦੂਰ ਕਰਨ ਲਈ ਇਕ ਛੋਟਾ ਜਿਹਾ ਮੰਦਰ ਵੀ ਬਣਿਆ ਹੋਇਆ ਹੈ। ਉਸ ਤੋਂ ਅੱਗੇ 7000 ਫੁੱਟ ਦੀ ਉਚਾਈ ਤੇ 2500 ਮੀਟਰ ਲੰਮੀ ਦੋਹਰੀ ਬਣੀ ਜਵਾਹਰ ਟਨਲ ਜਾਂ ਬਣੀਹਾਲ ਟਨਲ ਵਿਚੋਂ ਵੀ ਗੁਜ਼ਰੇ ਜੋ ਇੰਜੀਨੀਅਰਾਂ ਦਾ ਬਣਿਆ ਇਕ ਹੋਰ ਅਜੂਬਾ ਹੈ। ਦੇਸ਼ ਦੇ ਸਭ ਤੋਂ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਨਾਂ ਤੇ ਬਣੀ ਇਸ ਸੁਰੰਗ ਅੰਦਰ ਬਿਜਲੀ ਦੇ ਬਲਬ ਹਰ ਵੇਲੇ ਜਗਦੇ ਰਹਿੰਦੇ ਹਨ। ਇਸ ਟਨਲ ਦੇ ਬਣਨ ਨਾਲ ਪੁਰਾਨੇ ਸਮਿਆਂ ਦੇ ਬਣੀਹਾਲ ਪਾਸ ਦੀ ਆਸਮਾਨ ਨੂੰ ਛੂੰਹਦੀ ਉੱਚੀ ਸੜਕ ਤੇ ਗੱਡੀਆਂ ਦੇ ਚਲਣ ਦੇ ਜਾਨ ਲੇਵਾ ਖਤਰਿਆਂ ਤੋਂ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਟਨਲ ਤੋਂ ਨਿਕਲ ਕੇ ਥੋੜ੍ਹੀ ਦੂਰੀ ਤੇ ਹੇਠਾਂ ਸਾਰੀ ਵਾਦੀ ਦਾ ਪਹਿਲਾ ਵਿਆਪਕ ਸੁੰਦਰ ਦ੍ਰਿਸ਼ ਇਕ ਨਜ਼ਰ ਵਿਚ ਵੇਖਣ ਲਈ ਬਣੇ, ਇਕ ਬਿੰਦੂ ਨੂੰ ਆਉਂਦੇ ਜਾਂਦੇ ਯਾਤਰੀ ਕਦੇ ਨਹੀਂ ਭੁਲਦੇ। ਇਥੋਂ ਸ੍ਰੀਨਗਰ ਤੱਕ ਲਗਭਗ 80 ਕਿਲੋਮੀਟਰ ਦੀ ਉਤਰਾਈ ਅਤੇ ਸਧਾਰਨ ਲੈਵਲ ਡਰਾਈਵਿੰਗ ਹੈ। ਬਣੀਹਾਲ ਦੇ ਬਸ ਅੱਡੇ ਦੇ ਇਕ ਵੈਸ਼ਨੂ ਢਾਬੇ ਤੇ ਜਾਂਦੀ ਅਤੇ ਵਾਪਸ ਆਉਂਦੀ ਵਾਰ ਲੰਚ ਕੀਤਾ। ਇਸ ਤੋਂ ਅਗਲੇ ਕਾਜ਼ੀਗੁੰਡ ਅੱਡੇ ਤੇ ਬੱਚਿਆਂ ਨੇ ਬੈਟ ਬਾਲ ਖਰੀਦੇ। ਇਥੇ ਦੁਕਾਨਾਂ ਬਹੁਤ ਨੇ ਅਤੇ ਇਹ ਜਗਾ ਬਾਦਾਮ, ਅਖਰੋਟ ਅਤੇ ਹੋਰ ਡਰਾਈ ਫਰੂਟ ਲਈ ਮਸ਼ਹੂਰ ਹੈ। ਪਰ ਇਕ ਦੋ ਦਿਨ ਪਹਿਲਾਂ ਇਥੇ ਇਕ ਬੰਬ ਵਿਸਫੋਟ ਹੋਣ ਕਰਕੇ ਸਾਡੇ ਤੋਂ ਬਿਨਾਂ ਨਾ ਕੋਈ ਗੱਡੀ ਏਥੇ ਖੜ੍ਹੀ ਸੀ ਅਤੇ ਨਾ ਹੀ ਕੋਈ ਰੌਣਕ ਸੀ। ਹਥਿਆਰ ਬੰਦ ਫੌਜੀ ਜਵਾਨ ਥੋੜ੍ਹੇ-ਥੋੜ੍ਹੇ ਫਾਸਲੇ ਤੇ ਸਾਰੀ ਸ਼ਾਹਰਾਹ ਤੇ ਖੜ੍ਹੇ ਨਜ਼ਰ ਆਉਂਦੇ ਸਨ। ਜਿਸ ਨਾਲ ਯਾਤਰੀਆਂ ਦਾ ਹੌਸਲਾ ਵਧਦਾ ਹੈ। ਸ੍ਰੀਨਗਰ ਪਹੁੰਚਣ ਤੇ ਪੁਰਾਣੇ ਹਵਾਈ ਅੱਡੇ ਕੋਲ ਇਕ ਰਜਮੈਂਟ ਦੀ ਅਫ਼ਸਰ ਮੈੱਸ ਵਿਚ ਸਾਡੀ ਪਹਿਲਾਂ ਤੋਂ ਹੀ ਉਡੀਕ ਕੀਤੀ ਜਾ ਰਹੀ ਸੀ। ਠਹਿਰਨ ਲਈ ਗੈਸਟ ਹਾਊਸ ਦੇ ਦੋ ਸੈੱਟ ਬੁੱਕ ਕੀਤੇ ਗਏ ਸਨ। ਸੁਰੱਖਿਆ ਦਾ ਪੂਰਾ ਪ੍ਰਬੰਧ ਸੀ। ਮੌਸਮ ਬੜਾ ਸੁਹਾਵਣਾ ਅਤੇ ਅਨੁਕੂਲ ਸੀ। ਰਾਤ ਨੂੰ ਸੌਣ ਵੇਲੇ ਕੰਬਲ ਦੀ ਲੋੜ ਪੈਂਦੀ ਸੀ। ਦਿਨ ਵੇਲੇ ਤਾਂ ਟੀ ਸ਼ਰਟਾਂ ਹੀ ਪਾਈ ਫਿਰਦੇ ਸਨ। ਇਥੇ ਅਸੀਂ ਚਾਰ ਦਿਨ ਠਹਿਰੇ।

ਲਾਲ ਚੌਂਕ : ਪਹਿਲੇ ਦਿਨ ਸ੍ਰੀਨਗਰ ਦੀ ਲੋਕਲ ਸੈਰ ਨੂੰ ਨਿਕਲੇ। ਸ਼ਹਿਰ ਦੇ ਪ੍ਰਸਿੱਧ ਸ਼ਾਪਿੰਗ ਸੈਂਟਰ ਅਤੇ ਅੱਤਵਾਦੀਆਂ ਦੀਆਂ ਗਤੀਵਿਧੀਆਂ ਲਈ ਬਦਨਾਮ ਲਾਲ ਚੌਂਕ ਨੂੰ ਜਾਣ ਵਾਲੀ ਸੜਕ ਤੇ ਇਕ ਨਵੇਂ ਬਣ ਰਹੇ ਫਲਾਈਓਵਰ ਕਰਕੇ ਵਾਹਨਾਂ ਅਤੇ ਪੈਦਲ ਚੱਲਣ ਵਾਲਿਆਂ ਦੀ ਭੀੜ ਹੱਦੋਂ ਵੱਧ ਅਤੇ ਸਾਹ ਘੁਟਨ ਵਾਲੀ ਸੀ।

ਭੀੜ ਤੋਂ ਨਿਕਲੇ ਤਾਂ ਅਗਲੇ ਚੌਂਕ ਵਿਚ ਟਰੈਫਿਕ ਦੇ ਸਿਪਾਹੀ ਨੇ ਕਾਰ ਦੀ ਇਨਸ਼ੋਰੈਂਸ ਨਾ-ਨਵਿਆਉਣ ਕਰਕੇ, ਚਲਾਨ ਦੀ ਧਮਕੀ ਦੇ ਕੇ ਮੂੰਹ ਮੰਗੀ ਰਿਸ਼ਵਤ ਲਈ। ਕਿਉਂ ਜੋ ਅਸੀਂ ਸਾਰੀ ਯਾਤਰਾ ਦੌਰਾਨ ਬਾਹਰ ਕਿਤੇ ਨਹੀਂ ਜ਼ਾਹਰ ਹੋਣ ਦਿੱਤਾ ਕਿ ਦੂਜੀ ਗੱਡੀ ਵਿਚ ਇਕ ਛੁੱਟੀ ਆਏ ਕਰਨਲ ਸਾਹਿਬ ਸਾਡੇ ਨਾਲ ਹਨ। ਲਾਲ ਚੌਂਕ ਵਿਚ ਕਾਫੀ ਚਹਿਲ ਪਹਿਲ ਸੀ। ਬੱਚਿਆਂ ਨੇ ਵੀ ਸ਼ਾਪਿੰਗ ਕੀਤੀ ਭਾਵੇਂ ਚੀਜ਼ਾਂ ਦੇ ਭਾ ਪੰਜਾਬ ਨਾਲੋਂ ਕਿਤੇ ਵੱਧ ਸਨ। ਲਾਲ ਚੌਂਕ ਵਿਚ ਅਤਿਵਾਦੀ ਕਾਰਵਾਈਆਂ ਕਾਰਨ ਸੜੀਆਂ ਇਮਾਰਤਾਂ ਅਤੇ ਉਨ੍ਹਾਂ ਤੇ ਗੋਲੀਆਂ ਦੇ ਨਿਸ਼ਾਨ ਸਾਫ਼ ਵਿਖਾਈ ਦੇ ਰਹੇ ਸਨ।

ਡੱਲ ਲੇਕ : ਲਾਲ ਚੌਂਕ ਤੋਂ ਥੋੜ੍ਹੀ ਦੂਰ ਡਲ ਲੇਕ ਤੇ ਵੀ ਯਾਤਰੀ ਸੁਰੱਖਿਆ ਦਾ ਕਾਫੀ ਪ੍ਰਬੰਧ ਸੀ। ਦੋ ਸ਼ਿਕਾਰੇ ਲੈ ਕੇ ਬੱਚਿਆਂ ਨੇ ਦੋ ਘੰਟੇ ਖੂਬ ਬੋਟਿੰਗ ਕੀਤੀ ਅਤੇ ਡਲ ਲੇਕ ਦੇ ਕੁਦਰਤੀ ਸੁੰਦਰ ਨਜ਼ਾਰਿਆਂ ਦਾ ਅਨੰਦ ਮਾਣਿਆ। ਏਥੇ ਹਜ਼ਾਰਾਂ ਦੀ ਗਿਣਤੀ ਵਿਚ ਹਾਊਸ ਬੋਟਸ ਆਪ ਨੂੰ ਜੀ ਆਇਆਂ ਕਹਿੰਦੀਆਂ ਹਨ। ਇਕ ਹਾਊਸ ਬੋਟ ਵਿਚ ਆਮ ਤੌਰ ਤੇ ਤਿੰਨ ਚਾਰ ਚੰਗੇ ਸਜਾਏ ਬੈੱਡਰੂਮ, ਨਾਲ ਲਗਦੇ ਬਾਥਰੂਮ, ਡਰਾਇੰਗ ਅਤੇ ਡਾਈਨਿੰਗ ਰੂਮ ਹੁੰਦੇ ਹਨ। ਇਨ੍ਹਾਂ ਵਿਚ ਬਿਜਲੀ ਅਤੇ ਟੈਲੀਫ਼ੋਨ ਦੀ ਸੁਵਿਧਾ ਵੀ ਉਪਲਬਧ ਹੁੰਦੀ ਹੈ। ਲੇਕ ਵਿਚ ਵੇਖਣਯੋਗ ਚਾਰਚਨਾਰੀ ਟਾਪੂ ਵੀ ਹੈ। ਲੇਕ ਵਿਚ ਇਕ ਪਾਸੇ ਕਈ ਪ੍ਰਕਾਰ ਦੇ ਕੰਵਲ ਵਰਗੇ ਫੁਲ ਪਾਣੀ ਉੱਪਰ ਤੈਰਦੇ ਬੜੇ ਸੁੰਦਰ ਲਗਦੇ ਹਨ। ਏਥੇ ਕਸ਼ਮੀਰੀ ਦਸਤਕਾਰੀ ਦੀਆਂ ਵਸਤੂਆਂ ਵੇਚਣ ਵਾਲੇ ਆਪਣੀਆਂ ਸ਼ਿਕਾਰਿਆਂ ਵਿਚ ਸਜਾਈਆਂ ਤੈਰਦੀਆਂ ਦੁਕਾਨਾਂ ਲੈ ਕੇ ਯਾਤੀਆਂ ਨੂੰ ਘੇਰੀ ਰੱਖਦੇ ਹਨ। ਸ਼ਿਕਾਰੇ ਵਾਲੇ ਬੜੇ ਖੁਸ਼ ਨਜ਼ਰ ਆ ਰਹੇ ਸਨ। ਉਨ੍ਹਾਂ ਦੱਸਿਆ ਕਿ ਇਸ ਸਾਲ ਬਹੁਤ ਟੂਰਿਸਟ ਆਏ ਹਨ ਅਤੇ ਇਹ ਕਿ ਹਮਾਰੇ ਪਾਸ ਆਪ ਕੋ ਕੋਈ ਖਤਰਾ ਨਹੀਂ। ਇਸ ਤੋਂ ਬਾਅਦ ਗਵਰਨਰ ਹਾਊਸ ਕੋਲੋਂ ਲੰਘ ਕੇ ਚਸ਼ਮਾ ਸ਼ਾਹੀ ਪਹੁੰਚੇ।

(ਚਲਦਾ)

* * * * *

ਖਿਦਰਾਣੇ ਦੀ ਢਾਬ ਤੋਂ ਮੁਕਤਸਰ



ਮੁਕਤਸਰ ਦਾ ਪਹਿਲਾ ਨਾਂ ਖਿਦਰਾਣੇ ਦੀ ਢਾਬ ਜਾਂ ਤਾਲ ਖਿਦਰਾਣਾ ਸੀ। ਇਸ ਅਸਥਾਨ 'ਤੇ ਵਰਖਾ ਦਾ ਪਾਣੀ ਚਾਰਾਂ ਪਾਸਿਆਂ ਤੋਂ ਆ ਕੇ ਇਕੱਤਰ ਹੋ ਜਾਂਦਾ ਜੋ ਸਾਲ ਭਰ ਦੂਰ-ਦੁਰਾਡੇ ਤੱਕ ਲੋਕਾਂ ਦੀ ਪਾਣੀ ਦੀ ਮੰਗ ਨੂੰ ਪੂਰਿਆਂ ਕਰਦਾ। ਇਲਾਕਾ ਰੇਤਲਾ ਸੀ ਤੇ ਹੋਰ ਕਿਧਰੇ ਨੇੜੇ-ਤੇੜੇ ਪਾਣੀ ਦੇ ਭੰਡਾਰ ਨਹੀਂ ਸਨ। ਇਸ ਕਰਕੇ ਖਿਦਰਾਣੇ ਦੀ ਢਾਬ ਜਾਂ ਤਾਲ, ਪਾਣੀ ਦੀ ਮਹੱਤਤਾ ਕਰਕੇ ਪਹਿਲਾਂ ਹੀ ਕਾਫੀ ਇਲਾਕੇ ਵਿਚ ਜਾਣਿਆ-ਪਛਾਣਿਆ ਥਾਂ ਸੀ। ਫਿਰ ਇਸ ਅਸਥਾਨ ਨੂੰ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੁਹ ਪ੍ਰਾਪਤ ਹੋਣ ਤੇ ਦਸਮੇਸ਼ ਪਿਆਰੇ ਦੇ ਗੁਰਸਿੱਖਾਂ ਦੇ ਪਵਿੱਤਰ ਖ਼ੂਨ ਨਾਲ ਧਰਤੀ-ਪਾਵਨ ਹੋ ਕੇ ਮੁਕਤਸਰ ਅਖਵਾਈ। ਹੁਣ ਲੋਕ ਇਸ ਧਰਤੀ ਸਰੋਵਰ ਦੇ ਦਰਸ਼ਨ ਇਸ਼ਨਾਨ ਕਰ ਜੀਵਨ ਸਫਲ ਕਰਦੇ ਹਨ। ਖਿਦਰਾਣੇ ਦੀ ਢਾਬ ਜਾਂ ਤਾਲ ਮੁਕਤਸਰ ਕਿਵੇਂ ਬਣੀ ? ਇਤਿਹਾਸਕ ਵਾਕਿਆ ਇਉਂ ਹੈ-

੧੭੦੧ ਈ. ਤਕ ਪਹਾੜੀ ਰਾਜਿਆਂ ਨੂੰ ਬਹੁਤ ਸਾਰੇ ਯੁੱਧਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਦਸਮੇਸ਼ ਪਿਤਾ ਦੀਆਂ ਲਾਡਲੀਆਂ ਫੌਜਾਂ ਦੀ ਤਾਕਤ ਤੋਂ ਉਹ ਭਲੀ-ਭਾਂਤ ਜਾਣੂੰ ਸਨ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਆਖਰੀ ਵਾਰ ਦੋ ਹੱਥ ਕਰਨ ਲਈ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਤੋਂ ਫੌਜੀ ਮੱਦਦ ਦੀ ਮੰਗ ਕੀਤੀ। ਔਰੰਗਜ਼ੇਬ ਆਪ ਤਾਂ ਉਸ ਸਮੇਂ ਦੱਖਣ ਦੀ ਮੁਹਿੰਮ 'ਤੇ ਸੀ ਪਰ ਉਸ ਨੇ ਪਹਾੜੀ ਰਾਜਿਆਂ ਦੀ ਮੱਦਦ ਲਈ ਸਰਹਿੰਦ - ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤੇ। ਇਸ ਤਰ੍ਹਾਂ ਸਰਹਿੰਦ-ਲਾਹੌਰ ਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਨੇ ਮਿਲ ਕੇ ਆਨੰਦਪੁਰ ਸਾਹਿਬ ਨੂੰ ਚੁਫੇਰੇ ਤੋਂ ਘੇਰਾ ਪਾ ਲਿਆ। ਕਿਉਂਕਿ ਦਸਮੇਸ਼ ਪਿਤਾ ਦੇ ਸੂਰਮੇ ਬਹਾਦਰ ਸਿੰਘਾਂ ਨੇ ਪਹਿਲਾਂ ਕਈ ਵਾਰ ਮੈਦਾਨੇ ਜੰਗ ਵਿਚ ਪਹਾੜੀ ਰਾਜਿਆਂ ਦੀਆਂ ਦੌੜਾਂ ਲਗਾਈਆਂ ਸਨ, ਉਨ੍ਹਾਂ ਆਹਮੋ-ਸਾਹਮਣੇ ਲੜਾਈ ਨਾਲੋਂ ਘੇਰਾ ਬੰਦੀ ਤੇ ਜ਼ਿਆਦਾ ਜ਼ੋਰ ਦਿੱਤਾ।

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



੧੭੦੪ ਈ. ਗਰਮੀ ਦੇ ਮਹੀਨਿਆਂ ਵਿਚ ਬਾਰਸ਼ਾਂ ਨਾਲ ਦੁਸ਼ਮਣ ਫੌਜਾਂ ਦਾ ਬੁਰਾ ਹਾਲ ਹੋਣ ਲੱਗਾ। ਸਮੇਂ-ਸਮੇਂ ਖਾਲਸਾ ਫੌਜਾਂ ਹਮਲਾ ਕਰਕੇ ਦੁਸਮਣਾ ਦਾ ਜਾਨੀ ਨੁਕਸਾਨ ਕਰਦੀਆਂ ਰਸਦਾਂ ਦੀ ਲੁੱਟ-ਮਾਰ ਕਰ ਲੈਂਦੀਆਂ। ਖਾਲਸਾ ਫੌਜ ਦੇ ਅਚਾਨਕ ਹਮਲਿਆਂ ਕਰਕੇ ਦੁਸ਼ਮਣਾਂ ਦੇ ਹੌਸਲੇ ਪਸਤ ਹੋ ਚੁਕੇ ਸਨ। ਦੁਸ਼ਮਣ ਫੌਜ ਨੂੰ ਆਪਣੀ ਬਹੁ-ਗਿਣਤੀ 'ਤੇ ਮਾਣ ਸੀ। ਵਜ਼ੀਰ ਖਾਂ ਦੇ ਹੁਕਮ ਨਾਲ ਘੇਰਾ ਬੰਦੀ ਹੋਰ ਸਖ਼ਤ ਕਰ ਦਿੱਤੀ ਗਈ। ਘੇਰਾ ਲੰਮੇਰਾ, ਸਖ਼ਤ ਹੋਣ ਕਰਕੇ ਤੇ ਨਿੱਤ ਦੀ ਲੜਾਈ ਨਾਲ ਖਾਲਸਾ ਫੌਜਾਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਸੀ। ਅਨਾਜ-ਪਾਣੀ ਦੇ ਭੰਡਾਰੇ ਖਤਮ ਹੋਣ ਨੂੰ ਆ ਗਏ। ਪਾਲਤੂ-ਪਸ਼ੂਆਂ ਲਈ ਚਾਰੇ ਦੀ ਭਾਰੀ ਕਿੱਲਤ ਆ ਗਈ। ਬਹੁਤ ਸਾਰੇ ਬਹਾਦਰ ਸਿੰਘ ਤੇ ਪਾਲਤੂ ਪਸ਼ੂ ਭੁੱਖ ਦੀ ਭੇਟ ਚੜ੍ਹ ਗਏ। ਸਿਦਕੀ ਸਿੰਘਾਂ ਦੀ ਸਿਦਕ-ਸਬੂਰੀ ਦੀ ਪਰਖ ਹੋ ਰਹੀ ਸੀ। ਦੁਸ਼ਮਣ ਦੇ ਬਾਰ ਬਾਰ ਢੰਡੋਰਾ ਦੇਣ 'ਤੇ ਵੀ ਜੇਕਰ ਕੋਈ ਖਾਲੀ ਹੱਥ ਜਾਣਾ ਚਾਹੇ ਤਾਂ ਉਸ ਨੂੰ ਜਾਣ ਦਿੱਤਾ ਜਾਵੇਗਾ, ਕੋਈ ਵੀ ਸਿੰਘ ਸਿਦਕ ਤੋਂ ਨਹੀਂ ਡੋਲਿਆ।

ਗੁਰੂ ਜੀ ਨੇ ਪੰਚ ਪ੍ਰਧਾਨੀ ਸਿਧਾਂਤ ਨੂੰ ਸਥਾਪਤ ਕਰ, ਖਾਲਸੇ ਵਿਚ ਇਤਨਾ ਆਤਮ ਵਿਸ਼ਵਾਸ, ਜੁਰਅਤ ਭਰ ਦਿੱਤੀ ਸੀ ਕਿ ਖਾਲਸਾ ਸਮੇਂ ਸਮੇਂ ਗੁਰੂ ਜੀ ਨੂੰ ਨਿਝਕ ਹੋ ਸਲਾਹ, ਸੁਝਾਅ ਤੇ ਰਾਇ ਦੇ ਸਕਦਾ ਸੀ। ਕੁਝ ਸਿੰਘਾਂ ਸਲਾਹ ਦਿੱਤੀ ਕਿਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਵੱਖ-ਵੱਖ ਸਮੇਂ ਯੁੱਧ ਦੇ ਢੰਗ ਤਰੀਕੇ ਅਲੱਗ ਅਲੱਗ ਹੁੰਦੇ ਹਨ। ਗੁਰੂ ਜੀ ਨੇ ਇਸ ਸਮੇਂ 'ਇੰਤਜ਼ਾਰ ਕਰੋ ਤੇ ਦੇਖੋ' ਦੀ ਪਾਲਸੀ 'ਤੇ ਚੱਲਣ ਲਈ ਕਿਹਾ। ਪਰ ਕੁਝ ਸਿੰਘ ਇਸ ਬਿਖੜੇ ਸਮੇਂ ਭੁਲੇਖੇ ਦਾ ਸ਼ਿਕਾਰ ਹੋ ਗਏ। ਮੁਸ਼ਕਲ ਦੀ ਘੜੀ ਮਨਮੁਖ ਬਣ ਗੁਰੂ ਜੀ ਦਾ ਸਾਥ ਛੱਡਣ ਲੱਗੇ। ਗੁਰਦੇਵ ਸਮਰੱਥ ਸਨ ਜੇਕਰ ਉਹ ਚਾਹੁੰਦੇ ਤਾਂ ਉਸ ਸਮੇਂ ਹੀ ਉਨ੍ਹਾਂ ਦਾ ਭੁਲੇਖਾ ਦੂਰ ਕਰ ਸਕਦੇ ਸਨ। ਪਰ ਗੁਰਦੇਵ ਜੀ ਨੇ ਖਾਲਸੇ ਨੂੰ ਸਰਬ-ਗੁਣ ਸੰਪਨ ਬਣਾਉਣਾ ਸੀ। ਭੁੱਲੇ ਨੂੰ ਭੁੱਲ ਦਾ, ਅਹਿਸਾਸ ਕਰਵਾ ਮਾਰਗ 'ਤੇ ਪਾਉਣਾ ਸੀ। ਇਕ ਨਵੀਂ ਮਿਸਾਲ ਬਣਨਾ ਸੀ। ਭੁੱਲ ਹਰ ਕੋਈ ਕਰ ਸਕਦਾ ਹੈ ਕਿਉਂਕਿ ਹਰਮਾਨਵ ਭੁੱਲਣਹਾਰ ਹੈ, ਕੇਵਲ ਕਰਤਾ ਹੀ ਅਭੁੱਲ ਹੈ।

ਪੇਟ ਦੀ ਭੁੱਖ ਜੋ ਮਨੁੱਖ ਨੂੰ ਨੀਚ ਤੋਂ ਨੀਚ ਕਰਮ ਕਰਨ ਲਈ ਕਈ ਵਾਰ ਮਜਬੂਰ ਕਰ ਸਕਦੀ ਹੈ। ਇਨ੍ਹਾਂ ਸਿੰਘਾਂ ਉੱਤੇ ਵੀ ਭਾਰੂ ਹੋਈ, ਭੁੱਖ ਦੇ ਦੁੱਖ ਤੋਂ ਤੰਗ ਆ ਕੇ ਕੁਝ ਸਿੰਘਾਂ (ਜਿਨ੍ਹਾਂ ਦੀ ਗਿਣਤੀ ਇਤਿਹਾਸ ਵਿਚ ੪੦ ਦੱਸੀ ਗਈ ਹੈ) ਗੁਰੂ ਤੋਂ ਬੇਮੁਖ ਹੋ ਆਨੰਦਪੁਰ ਨੂੰ ਛੱਡ ਜਾਣ ਦਾ ਇਰਾਦਾ ਕਰ

ਲਿਆ। ਗੁਰੂ ਜੀ ਦੇ ਸਨਮੁੱਖ ਪੇਸ਼ ਹੋ ਇਨ੍ਹਾਂ ਸਿੰਘਾਂ ਨੇ ਬੇਨਤੀ ਕੀਤੀ : ਗੁਰਦੇਵ ਅਸੀਂ ਜਾਣਾ ਚਾਹੁੰਦੇ ਹਾਂ।



ਦਸਮੇਸ਼ ਪਿਤਾ ਨੇ ਇਨ੍ਹਾਂ ਸਿੰਘਾਂ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਤੱਕਿਆ ਤੇ ਬਚਨ ਕੀਤਾ ਜੇਕਰ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਚਲੇ ਜਾਓ ਪਰ ਜਾਣ ਦੀ ਨਿਸ਼ਾਨੀ-ਅਸੀਂ ਛੱਡ ਕੇ ਜਾ ਰਹੇ ਹਾਂ- ਲਿਖ ਕੇ ਦੇ ਜਾਓ। ਸਿੰਘਾਂ ਲਿਖ ਕੇ ਦੇ ਦਿੱਤਾ, ਜਿਸ ਨੂੰ ਇਤਿਹਾਸ ਵਿਚ 'ਬੇਦਾਵਾ' ਕਿਹਾ ਗਿਆ ਹੈ। ਇਨ੍ਹਾਂ ਸਿੰਘਾਂ ਨੇ ਆਨੰਦਪੁਰ ਨੂੰ ਛੱਡ ਘਰਾਂ ਵੱਲ ਨੂੰ ਮੂੰਹ ਕੀਤੇ। ਜਿਉਂ ਜਿਉਂ ਇਹ ਆਨੰਦਪੁਰ ਤੋਂ ਦੂਰ ਹੋਏ, ਇਨ੍ਹਾਂ ਨੂੰ ਗੁਰੂ -ਵਿਛੋੜੇ ਦੀ ਪੀੜਾ ਤੰਗ ਕਰਨ ਲੱਗੀ। ਕਈ ਵਾਰ ਪਿਆਰ ਦਾ ਅਹਿਸਾਸ ਵਿਛੋੜੇ ਵਿਚ ਹੀ ਹੁੰਦਾ ਹੈ। ਜਦ ਘਰੀਂ ਪਹੁੰਚੇ ਤਾਂ ਇਨ੍ਹਾਂ ਨੂੰ ਸ਼ਰਮਿੰਦਗੀ ਨੇ ਪੂਰੀ ਤਰ੍ਹਾਂ ਆ ਘੇਰਿਆ, ਪਰ ਹੁਣ ਸਮਾਂ ਲੰਘ ਚੁਕਿਆ ਸੀ।

ਦੂਸਰੇ ਪਾਸੇ ਇਸ ਲੰਮੇਰੀ ਜੰਗ ਤੋਂ ਪਹਾੜੀ ਰਾਜੇ ਵੀ ਪੂਰੀ ਤਰ੍ਹਾਂ ਤੰਗ ਆ ਚੁਕੇ ਸਨ। ਅੰਤ ਨੂੰ ਤੰਗ ਆ ਕੇ ਪਹਾੜੀ ਰਾਜਿਆਂ ਤੇ ਸਰਹਿੰਦ, ਲਾਹੌਰ ਦੇ ਸੂਬੇਦਾਰਾਂ ਨੇ ਆਪਣੇ ਦਸਤਖ਼ਤਾਂ ਹੇਠ ਬਾਦਸ਼ਾਹ ਵੱਲ ਪਰਵਾਨਾ ਭੇਜਿਆ ਕਿ 'ਜੇਕਰ ਗੁਰੂ ਜੀ ਆਨੰਦਪੁਰ ਸਾਹਿਬ ਨੂੰ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਬਿਨਾਂ ਰੋਕ-ਟੋਕ ਦੇ ਜਾਣ ਦਿੱਤਾ ਜਾਵੇਗਾ' ਇਸ ਲਈ ਉਨ੍ਹਾਂ ਕਸਮਾਂ ਵੀ ਖਾਧੀਆਂ।

ਗੁਰਦੇਵ ਪਿਤਾ ਪਹਾੜੀ ਰਾਜਿਆਂ ਦੇ ਚਰਿੱਤਰ ਤੋਂ ਚੰਗੀ ਤਰ੍ਹਾਂ ਜਾਣੂੰ ਸਨ ਪਰ ਸਿੰਘਾਂ ਇਕੱਤਰ ਹੋ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਸਲਾਹ ਮਸ਼ਵਰੇ ਪਿੱਛੋਂ ਆਨੰਦਪੁਰ ਨੂੰ ਛੱਡ ਜਾਣ ਦਾ ਫੈਸਲਾ ਹੋ ਗਿਆ। ਦੁਸ਼ਮਣ ਫੌਜਾਂ ਨੇ ਇਕਰਾਰ ਤਹਿਤ ਦਰਿਆ ਸਤਲੁਜ ਦੇ ਪਾਸਿਓਂ ਕੁਝ ਰਸਤਾ ਦੇ ਦਿੱਤਾ।

ਰਾਤ ਦੇ ਪਹਿਲੇ ਪਹਿਰ ਗੁਰਦੇਵ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦੀ ਅਨੰਦਮਈ ਧਰਤ ਨੂੰ ਹਮੇਸ਼ਾ ਹਮੇਸ਼ਾ ਲਈ ਛੱਡ ਦਿੱਤਾ। ਆਨੰਦਪੁਰ ਦਾ ਕਿਲ੍ਹਾ ਖਾਲੀ ਕਰਨ ਦੀ ਹੀ ਦੇਰ ਸੀ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ-ਇਕਰਾਰ ਭੁੱਲ ਕੇ ਪਿੱਛੋਂ ਹਮਲਾ ਕਰ ਦਿੱਤਾ। ਗੁਰੂ ਜੀ ਚਮਕੌਰ ਦੀ ਗੜ੍ਹੀ ਪਹੁੰਚੇ। ਜਿਥੇ ਵਿਸ਼ਵ ਦਾ ਅਨੋਖਾ ਸਭ ਤੋਂ ਅਸਾਵਾਂ ਯੁੱਧ ਹੋਇਆ। ਚਮਕੌਰ ਦੀ ਗੜ੍ਹੀ ਵਿਚ ਮੁਗ਼ਲਾਂ ਦੇ ਕੈਂਪ ਵਿਚ ਖਲਬਲੀ ਮਚਾ, ਮਾਛੀਵਾੜੇ ਦੇ ਜੰਗਲਾਂ ਵਿਚ 'ਮਿਤਰ ਪਿਆਰੇਨੂੰ ਹਾਲ ਮੁਰੀਦਾਂ' ਦਾ ਸੁਣਾ, ਦੀਨਾ ਕਾਂਗੜ ਤੋਂ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖ-ਪਹੁੰਚਾ, ਕਪੂਰੇ ਤੋਂ ਹੁੰਦੇ ਹੋਏ ਗਰਮੀ ਦੇ ਮਹੀਨੇ ਭਖਦੇ ਮਾਰੂਥਲਾਂ ਦੇ ਰਸਤੇ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਵੈਰੀ ਦਾ ਟਿੱਡੀ ਦਲ ਵੀ ਗੁਰੂ ਜੀ ਦੇ ਪਿੱਛੇ ਪਿੱਛੇ ਆ ਰਿਹਾ ਸੀ। ਖਿਦਰਾਣੇ ਦੀ ਢਾਬ ਖਾਲਸਾ ਫੌਜਾਂ ਦੇ ਘੇਰੇ ਵਿਚ ਸੀ। ਖਿਦਰਾਣੇ ਦੀ ਢਾਬ ਯੁੱਧ ਨੀਤੀ ਦੇ ਪੱਖੋਂ ਬਹੁਤ ਹੀ ਮਹੱਤਵਪੂਰਨ ਸੀ। ਗੁਰੂ ਜੀ ਆਪ ਟਿੱਬੀ ਸਾਹਿਬ ਦੇ ਸਥਾਨ 'ਤੇ ਜਾ ਬਿਰਾਜੇ, ਦੁਸ਼ਮਣ ਫੌਜਾਂ ਨੇ ਹਮਲਾ ਕਰ ਦਿੱਤਾ। ਥੋੜ੍ਹਾ ਚਿਰ ਘਮਸਾਨ ਦਾ ਯੁੱਧ ਹੋਇਆ। ਦੇਖੋ ਯੁੱਧ ਵਿਚ ਸਭ ਤੋਂ ਅੱਗੇ ਉਹੀ ਸਿੰਘ ਮਾਤਾ ਭਾਗੋ ਦੀ ਅਗਵਾਈ ਵਿਚ ਲੜ ਰਹੇ ਸਨ ਜੋ ਗੁਰਦੇਵ ਜੀ ਤੋਂ ਬੇਮੁਖ ਹੋ ਆਨੰਦਪੁਰ ਛੱਡ ਆਏ ਸਨ। ਗੁਰਦੇਵ ਪਿਤਾ ਸੂਰਮਿਆਂ ਨੂੰ ਰਣ ਤੱਤੇ ਵਿਚ ਜੂਝਦਿਆਂ ਤਕ ਖੁਸ਼ ਹੋ ਰਹੇ ਸਨ। ਸਮੇਂ ਸਮੇਂ ਗੁਰਦੇਵ ਦੁਸ਼ਮਣ ਦਲਾਂ 'ਤੇ ਤੀਰਾਂ ਦੀ ਵਰਖਾ ਕਰਦੇ। ਦੁਸ਼ਮਣ ਫੌਜ ਅਣਗਿਣਤ ਤੇ ਸਿੰਘ ਗਿਣਤੀ ਦੇ ਪਰ ਇਕ ਪਾਸੇ ਗੁਰੂ ਪ੍ਰੀਤੀ ਤੇ ਦੂਸਰੇ ਪਾਸੇ ਮੁਲਾਜ਼ਮਤ। ਦਿਨ ਗਰਮੀ ਦੇ, ਪਾਣੀ ਦਾ ਕਬਜ਼ਾ ਸਿੰਘਾ ਦੇ ਹੱਥ, ਇਹ ਸਭ ਕਾਰਨ ਸਨ ਦੁਸ਼ਮਣ ਫੌਜਾਂ ਦੀ ਹਾਰ ਦੇ। ਮੈਦਾਨ ਖਾਲਸੇ ਨੇ ਫਤਹਿ ਕੀਤਾ।

ਦੁਸ਼ਮਣ ਫੌਜਾਂ ਹਰਨ ਹੋ ਗਈਆਂ। ਦਸਮੇਸ਼ ਪਿਤਾ ਆਪ ਮੈਦਾਨੇ ਜੰਗ ਵਿਚ ਆਏ। ਜਿਥੇ ਬੇਦਾਵੀਏ ਸਿੰਘਾਂ ਨੇ ਭੁੱਲ ਬਖਸ਼ਾਉਣ ਲਈ ਜੀਵਨ ਨਿਛਾਵਰ ਕਰ ਦਿੱਤੇ ਸਨ। ਯੁੱਧ ਦੇ ਮੈਦਾਨ ਵਿਚ ਗੁਰਦੇਵ ਹਰ ਸਿੰਘ ਦੀ ਪਵਿੱਤਰ ਦੇਹ ਦੇ ਪਾਸ ਜਾਂਦੇ ਤੇ ਸਿੰਘਾ ਦੇ ਮੁਖੜੇ ਸਾਫ ਕਰਦੇ ਅਤੇ ਬਖਸ਼ਿਸ਼ਾਂ ਕਰਦੇ : ਇਹ ਮੇਰਾ ਪੰਜ ਹਜ਼ਾਰੀ-ਇਹ ਮੇਰਾ ਦਸ ਹਜ਼ਾਰੀ-ਇਹ ਮੇਰਾ ਤੀਹ ਹਜ਼ਾਰੀ। ਬਖਸ਼ਿਸ਼ਾਂ ਕਰਦੇ ਗੁਰਦੇਵ ਪਿਤਾ ਪਹੁੰਚੇ ਭਾਈ ਮਹਾਂ ਸਿੰਘ ਦੇ ਪਾਸ, ਭਾਈ ਮਹਾਂ ਸਿੰਘ ਦੇ ਸੁਆਸ ਅਜੇ ਚੱਲ ਰਹੇ ਸਨ। ਗੁਰਦੇਵ ਨੇ ਸੂਰਮੇ ਸਿੰਘ ਦਾ ਮੁਖੜਾ ਸਾਫ ਕੀਤਾ ਤੇ ਮੂੰਹ ਵਿਚ ਪਾਣੀ ਪਾਇਆ। ਸੀਸ ਗੋਦ ਵਿਚ ਰੱਖਿਆ ਤੇ ਕਿਹਾ ਕਿ ਮੁਕਤਿ ਭੁਗਤਿ ਜੁਗਤਿ ਸਭ ਹਾਜ਼ਰ ਹੈ... ਮੰਗ ਭਾਈ ਮਹਾਂ ਸਿੰਘ। ਜੋ ਚਾਹੁੰਦਾ ਹੈਂ?

ਭਾਈ ਮਹਾਂ ਸਿੰਘ ਗਿੜਗਿੜਾਇਆ, ਦਸਮੇਸ਼ ਪਿਤਾ! ਦਰਸ਼ਨਾਂ ਦੀ ਸਿਕ ਸੀ, ਪੂਰੀ ਹੋ ਗਈ-

ਨਹੀਂ, ਪਿਆਰੇ ਮਹਾਂ ਸਿੰਘ ਕੁਝ ਹੋਰ- !

ਗੁਰਦੇਵ ਪਿਤਾ ਜੇ ਤੂਠੇ ਹੋ ਕਿਰਪਾ ਨਿਧਾਨ ਤਾਂ ਸਾਡੀ ਟੁੱਟੀ ਮੇਲ ਲਵੋ-ਕਾਗਜ਼ ਦਾ ਉਹ ਟੁਕੜਾ ਪਾੜ ਦਿਓ। ਜੋ ਅਸੀਂ ਦੇ ਆਏ ਸਾਂ- !

ਧੰਨ ਹਨ ਗੁਰਦੇਵ ਪਿਤਾ ਜਿਨ੍ਹਾਂ ਇਤਨੇ ਬਿਖੜੇ ਸਮੇਂ ਵੀ ਉਹ ਕਾਗਜ਼ ਦਾ ਟੁਕੜਾ ਕਿਧਰੇ ਗੁੰਮ ਨਹੀਂ ਹੋਣ ਦਿੱਤਾ। ਭਾਈ ਮਹਾਂ ਸਿੰਘ ਦੀ ਖਾਹਸ਼ ਪੂਰੀ ਕਰਨ ਲਈ ਗੁਰਦੇਵ ਪਿਤਾ ਨੇ ਕਾਗਜ ਟੁਕੜੇ-ਟੁਕੜੇ ਕਰ ਦਿੱਤਾ।

ਭਾਈ ਮਹਾਂ ਸਿੰਘ ਨੇ ਭੁੱਲਾਂ ਭਖਸ਼ਾਂ ਸ਼ੁਕਰੀਆਂ ਅੰਦਾਜ਼ ਵਿਚ ਹੱਥ ਉੱਪਰ ਚੁੱਕੇ ਤੇ ਹਮੇਸ਼ਾ ਲਈ ਦਸਮੇਸ਼ ਪਿਤਾ ਦੀ ਗੋਦ ਵਿਚ ਸੌਂ ਗਿਆ। ਗੁਰੂ ਜੀ ਨੇ ਇਨ੍ਹਾਂ ਸ਼ਹੀਦਾਂ ਦਾ ਆਪਣੇ ਹੱਥੀਂ ਸੰਸਕਾਰ ਕੀਤਾ ਤੇ ਇਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਬਖਸ਼ਿਸ਼ ਕੀਤੀ। ਬੇਦਾਵੀਏ ਸਿੰਘ ਮੁਕਤ ਹੋਏ ਖਿਦਰਾਣੇ ਦੀ ਢਾਬ ਉਸ ਦਿਨ ਤੋਂ ਮੁਕਤਸਰ ਅਖਵਾਈ।

ਆਓ! ਅਸੀਂ ਵੀ ਸਭ ਗੁਰੂ ਵੱਲ ਮੁਖ ਕਰੀਏ, ਗੁਰਮਤਿ ਸਿਧਾਤਾਂ ਅਨੁਸਾਰ ਜੀਵਨ ਜੀਵੀਏ। ਕਰਮਕਾਂਡਾਂ, ਮੜ੍ਹੀਆਂ-ਮਸਾਣਾਂ ਨੂੰ ਮੰਨਣਾ, ਸਖ਼ਸ਼ੀ ਪੂਜਾ ਕਰਨੀ ਵੀ ਤਾਂ ਗੁਰੂ ਤੋਂ ਬੇਮੁਖ ਹੋ ਬੇਦਾਵੀਏ ਬਣਨ ਵਾਲੀ ਗੱਲ ਹੈ! ਆਓ! ਸਭ ਗੁਰੂ ਚਰਨਾਂ 'ਚ ਅਰਦਾਸ ਕਰੀਏ, ਗੁਰਦੇਵ ਸਾਨੂੰ ਗੁਰਮਤਿ ਮਾਰਗ 'ਤੇ ਚੱਲਣ ਦਾ ਬਲ ਉਤਸ਼ਾਹ ਬਖਸ਼ਿਸ਼ ਕਰਨ ਤਾਂ ਜੋ ਅਸੀਂ ਸਤਿਗੁਰੂ ਦੀ ਗੋਦ ਦਾ ਨਿੱਘ ਮਾਣ ਸਕੀਏ!

ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

ਸਨਮ : ਹਾਂ, ਇਹ ਭਵਨ ਸ਼ਹੀਦਾਂ ਦੇ ਨਾਂ 'ਤੇ ਉਸਾਰਿਆ ਗਿਐ, ਸ਼ਹੀਦ ਆਪਣੀ ਸੋਚ ਵਾਲੇ ਲੋਕਾਂ ਲਈ ਚਾਨਣ ਮੁਨਾਰਾ ਹੁੰਦੇ ਨੇ। ਤੁਸੀਂ ਉਹਨਾਂ 'ਤੇ ਕਬਜ਼ਾ ਨਹੀਂ ਕਰ ਸਕਦੇ।

ਪ੍ਰਧਾਨ : (ਗੱਲ ਪਰਤਦਾ ਹੋਇਆ) ਤੇਰੀ ਦੇਣ ਕੀ ਏ?

ਸਨਮ : ਮੈਂ ਆਪਣੇ ਨਾਟਕਾਂ ਵਿਚ ਸਮਾਜਕ ਸਰੋਕਾਰਾਂ ਦੀ ਗੱਲ ਕਰਦਾ ਹਾਂ।

ਪ੍ਰਧਾਨ : ਕਿਹੜਾ ਸਰੋਕਾਰ?

ਸਨਮ : ਕੀ ਤੁਸੀਂ ਜਾਣਦੇ ਹੋ ਕਾਲੇ ਸ਼ੀਸ਼ਿਆਂ ਅੰਦਰ ਕਾਲੇ ਧੰਦੇ ਹੁੰਦੇ ਨੇ?

ਪ੍ਰਧਾਨ : ਇਹ ਕੋਈ ਨਾਟਕ ਹੈ?

ਸਨਮ : ਕੀ ਤੁਹਾਨੂੰ ਪਤੈ ਕਿ ਟਰੈਵਲ ਏਜੰਟ ਤੇ ਹੋਰ ਵਿਚੋਲੇ ਭੋਲੇ ਭਾਲੇ ਲੋਕਾਂ ਨੂੰ ਕਿਵੇਂ ਗੁੰਮਰਾਹ ਕਰਦੇ ਨੇ?

ਪ੍ਰਧਾਨ : ਵਾਹ! ਇਹ ਨਾਟਕ ਵੇ?

ਸਨਮ : ਕੀ ਤੁਹਾਨੂੰ ਜਾਣਕਾਰੀ ਹੈ ਕਿ ਇਕ ਬੰਦਾ ਨਾਟਕ ਵਾਸਤੇ ਕਲਾਕਾਰ ਤਿਆਰ ਕਰਦੇ ਤੇ ਉਹਨਾਂ ਕਲਾਕਾਰਾਂ ਨੂੰ ਸਬਜ਼ਬਾਗ਼ ਵਿਖਾ ਕੇ ਕੋਈ ਈਰਖਾਲੂ ਆਪਣੇ ਮਗਰ ਲਾ ਲੈਂਦੇ ਤੇ ਇੰਜ ਨਾਟਕਕਾਰ ਦੀ ਵਰ੍ਹਿਆਂ ਬੱਧੀ ਤਪੱਸਿਆ ਮਿੱਟੀ 'ਚ ਮਿਲਾ ਜਾਂਦੀ ਏ।

ਪ੍ਰਧਾਨ : ਮੈਨੂੰ ਕੀ?

ਸਨਮ : ਨਾਟਕ ਪ੍ਰੋਗਰਾਮ ਵੇਲੇ ਕਲਾਕਾਰ ਸ਼ਰਤਾਂ ਰੱਖਦੇ ਨੇ ਕਿ ਸਾਨੂੰ ਇੰਨੀ ਮਾਇਆ ਮਿਲਣੀ ਚਾਹੀਦੀ ਏ, ਨਾ ਮਿਲੀ ਤਾਂ ਚਲਦਾ ਪ੍ਰੋਗਰਾਮ ਵਿੱਚੇ ਛੱਡ ਦਿਆਂਗੇ। ਤੁਹਾਨੂੰ ਪਤੈ?

ਪ੍ਰਧਾਨ : ਇਹ ਕੋਈ ਨਾਟਕ ਏ?

ਸਨਮ : ਤੁਸੀਂ ਨਾਟਕ ਦੀਆਂ ਵਾਗਾਂ ਫੜ੍ਹ ਕੇ ਇਹਨੂੰ ਆਪਣੇ ਹਿਸਾਬ ਨਾਲ ਮੋੜ ਨਹੀਂ ਸਕਦੇ। ਇਹ ਤੁਹਾਡੇ 'ਤੇ ਵੀ ਵਿਅੰਗ ਕਰ ਸਕਦੈ।

ਸੈਕਟਰੀ : ਤੂੰ ਕੀ ਚਾਹੁੰਦਾ ਏਂ? ਤੈਨੂੰ ਪਹਿਲਾਂ ਵੀ ਕਿਹੈ ਜਦ ਤੇਰੇ ਨਾਟਕ ਸਾਨੂੰ ਪਸੰਦ ਆਏ ਤਾਂ ਚਿੱਠੀ ਪਾ ਕੇ ਸੱਦ ਲਵਾਂਗੇ।

ਸਨਮ : ਪ੍ਰਧਾਨ ਜੀ, ਤੁਸੀਂ ਮੇਰਾ ਇੱਕ ਇਕਾਂਗੀ ਨਾਟਕ ਤਾਂ ਹੁਣੇ ਪੜ੍ਹ ਸਕਦੇ ਹੋ ਪੰਦਰਾਂ ਵੀਹ ਮਿੰਟਾਂ ਵਿਚ।

ਪ੍ਰਧਾਨ : ਮੇਰੀ ਸਿਹਤ ਠੀਕ ਨਹੀਂ।

ਸਨਮ : ਮੈਨੂੰ ਪਤੈ ਤੁਹਾਡੀ ਸਿਹਤ ਨੌ ਬਰ ਨੌ ਹੈ, ਪ੍ਰਧਾਨਗੀ ਮੰਡਲਾਂ ਵਿਚ ਚਾਰ-ਚਾਰ ਘੰਟੇ ਬੈਠਿਆਂ ਤੁਹਾਡੀ, ਸਿਹਤ ਠੀਕ ਰਹਿੰਦੀ ਏ ਪਰ ਨਾਟਕ ਪੜ੍ਹਣ ਸਮੇਂ ਇੱਕਦਮ ਖ਼ਰਾਬ ਹੋ ਜਾਂਦੀ ਏ।

(ਚਲਦਾ)

● ● ●

ਦਿਸਦੇ ਨਾਲ ਪਿਆਰ ਕਰਨ ਵਾਲਿਓ, ਅਣਦਿਸਦੇ ਨਾਲ ਪਿਆਰ ਕਰਕੇ ਵੇਖੋ।

ਦੁੱਲਾ ਭੱਟੀ ਤੇ ਉਹਦੀ ਸਰਜ਼ਮੀਨ

ਦੁੱਲਾ ਭੱਟੀ ਦਾ ਸ਼ੁਮਾਰ ਪੰਜਾਬ ਦੇ ਉਨ੍ਹਾਂ ਸੂਰਮਿਆਂ ਤੇ ਬਹਾਦਰਾਂ ਵਿੱਚ ਹੁੰਦਾ ਏ ਜਿਨ੍ਹਾਂ ਆਪੋ ਆਪਣੇ ਵਕਤ 'ਚ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਅਤੇ ਆਪਣੀ ਜਾਨ ਦਾ ਨਜ਼ਰਾਨਾ ਪੇਸ਼ ਕਰਕੇ ਹਮੇਸ਼ਾ ਹਮੇਸ਼ਾ ਲਈ ਖੁਦ ਨੂੰ ਅਮਰ ਕਰ ਲਿਆ। ਸੂਰਮਾਂ ਦੁੱਲਾ ਭੱਟੀ ਰਾਜਪੂਤ ਕਬੀਲੇ ਦਾ ਜਵਾਂ ਮਰਦ ਸੀ। ਇਹ ਕਬੀਲਾ ਤਕਰੀਬਨ 700 ਸਾਲ ਪਹਿਲਾਂ ਹਿੰਦੁਸਤਾਨ ਦੇ ਜੈਸਲਮੇਰ-ਰਾਜਸਥਾਨ ਤੋਂ ਹਿਜਰਤ ਕਰਕੇ ਏਥੇ ਆ ਕੇ ਆਬਾਦ ਹੋਇਆ। ਉਸ ਵਕਤ ਏਥੇ ਸੇਹੂ ਹੰਜਰਾ ਦੀ ਮਾਲਕੀ ਸੀ ਜਿਸ ਦਾ ਸਦਰ ਮੁਕਾਮ ਬਾਰ ਦਾ ਏਹੋ ਇਲਾਕਾ ਸੀ। ਉਹਦੀ ਇਜਾਜ਼ਤ ਨਾਲ ਇਹ ਕਬੀਲਾ ਪਿੰਡੀ ਭੱਟੀਆਂ ਦੇ ਮੁਕਾਮ 'ਤੇ ਆਬਾਦ ਹੋਇਆ। ਭੱਟੀ ਕਬੀਲਾ ਰਾਜਪੂਤ ਹੋਣ ਕਾਰਨ ਜੰਗਜੂ ਆਦਤਾਂ ਰੱਖਦਾ ਸੀ ਅਤੇ ਜੰਗ 'ਚ ਜਾਨ ਵਾਰਨ ਨੂੰ ਨੇਕੀ ਸਮਝਦਾ ਸੀ। ਏਸੇ ਲਈ ਰਫਤਾ ਰਫਤਾ ਇਨ੍ਹਾਂ ਦਾ ਇਸ ਸਾਰੇ ਇਲਾਕੇ 'ਤੇ ਕਬਜ਼ਾ ਹੈ ਗਿਆ। ਅਗਲੀਆਂ ਦੋ ਤਿੰਨ ਸਦੀਆਂ 'ਚ ਭੱਟੀਆਂ ਰਾਜਪੂਤ ਏਥੇ ਬਹੁਤੇ ਥਾਵਾਂ ਦੇ ਮਾਲਕ ਬਣ ਗਏ। ਸੋਲ੍ਹਵੀਂ ਸਦੀ ਦਰਮਿਆਨ ਇਹ ਖਿੱਤਾ ਛੋਟੀਆਂ-ਛੋਟੀਆਂ ਖੁਦਮੁਖਤਿਆਰ ਰਿਆਸਤਾਂ 'ਚ ਵੰਡਿਆ ਜਾ ਚੁੱਕਾ ਸੀ। ਇਹ ਆਪਣੀ ਆਪਸੀ ਬੇਇਤਫਾਕੀ ਦੀ ਵਜ੍ਹਾ ਕਾਰਨ ਮੁਗਲ ਹਮਲਾਵਰਾਂ ਦੇ ਜ਼ੁਲਮਾਂ ਦਾ ਸ਼ਿਕਾਰ ਬਣਦੇ ਰਹੇ। ਮੁਗਲ ਫੌਜਾਂ ਦਾ ਲਾਂਘਾ ਪਿੰਡ ਭੱਟੀਆਂ ਅਤੇ ਨਜ਼ਦੀਕੀ ਇਲਾਕਿਆਂ ਥਾਣੀ ਹੁੰਦਾ ਸੀ। ਉਸ ਜ਼ਮਾਨੇ ਵਿੱਚ ਜ਼ਰਾਇਤ ਜ਼ੋਰਾਂ 'ਤੇ ਨਹੀਂ ਸੀ ਅਤੇ ਬਹੁਤੀਆਂ ਜ਼ਮੀਨਾਂ ਚਰਾਂਦਾ ਤੇ ਜੰਗਲਾਂ ਹੇਠ ਸਨ। ਮੁਗਲ ਆਬਾਦੀਆਂ 'ਚ ਲੁੱਟਮਾਰ ਕਰਦੇ ਅਤੇ ਫਸਲਾਂ ਤੇ ਚਰਾਗਾਹਾਂ ਨੂੰ ਉਜਾੜ ਦਿੰਦੇ। ਆਪਣੇ ਘੋੜਿਆਂ ਤੇ ਤਮਾਮ ਲਾਉ ਲਸ਼ਕਰ ਦੇ ਜਾਨਵਰਾਂ, ਮਾਲ ਡੰਗਰਾਂ ਵਾਸਤੇ ਅਨਾਜ, ਚਾਰਾ ਤੇ ਪੈਸਾ ਟਕਾ 'ਕੱਠਾ ਕਰਕੇ ਜ਼ਬਰਦਸਤੀ ਖੋਹ ਕੇ ਲੈ ਜਾਂਦੇ। ਮੁਖਾਲਫ਼ਤ ਕਰਨ ਵਾਲਿਆਂ ਦਾ ਕਤਲੇਆਮ ਕੀਤਾ ਜਾਂਦਾ ਅਤੇ ਪਿੰਡਾਂ ਨੂੰ ਅੱਗ ਲਾ ਦਿੱਤੀ ਜਾਂਦੀ। ਇਹ ਇਕ ਖਾਸ ਨੁਕਤਾ ਸੀ ਜਿਥੋਂ ਮੁਗਲਾਂ ਤੇ ਭੱਟੀਆਂ ਦਰਮਿਆਨ ਦੁਸ਼ਮਣੀ ਦਾ ਮੁੱਢ ਬੱਝਿਆ। ਦੁੱਲਾ ਭੱਟੀ ਦੇ ਦਾਦੇ ਬਿਜਲੀ ਖਾਂ ਉਰਫ ਸਾਂਦਲ ਖਾਂ ਨੇ ਇਲਾਕੇ ਦੀ ਖੁਦਮੁਖਤਾਰੀ ਅਤੇ ਰਖਵਾਲੀ ਵਾਸਤੇ ਇਰਦ-ਗਿਰਦ ਦੇ ਸਰਦਾਰਾਂ ਨਾਲ ਮਿਲ ਕੇ ਇਕ ਫੌਜੀ ਟੁਕੜੀ ਕਾਇਮ ਕਰਕੇ ਮੁਗਲ ਹਾਕਮਾਂ ਖਿਲਾਫ ਛਾਪਾ ਮਾਰ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਬਿਜਲੀ ਖਾਂ ਤੇ ਉਹਦੇ ਪੁੱਤਰ ਫਰੀਦ ਖਾਂ ਦੀ ਬਹਾਦਰੀ ਤੇ ਜਵਾਂਮਰਦੀ ਦਾ ਡੰਕਾਂ ਪੂਰੇ ਇਲਾਕੇ 'ਚ ਵੱਜਣ ਲੱਗਾ। ਆਖਰਕਾਰ ਮੁਗਲ ਬਿਜਲੀ ਖਾਂ ਤੇ ਫਰੀਦ ਖਾਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਲੈ ਗਏ। ਇਨ੍ਹਾਂ ਨੂੰ ਬਾਗੀ ਕਰਾਰ ਦੇ ਕੇ ਫਾਂਸੀ ਦੇ ਤਖਤੇ 'ਤੇ ਲਟਕਾ ਦਿੱਤਾ। ਦੁੱਲੇ ਭੱਟੀ ਦੀਆਂ ਰਗਾਂ ਵਿੱਚ ਇਨ੍ਹਾਂ ਦਾ ਹੀ ਖੂਨ ਦੌੜ ਰਿਹਾ ਸੀ।

ਦੁੱਲੇ ਭੱਟੀ ਦੀ ਪੈਦਾਇਸ਼ ਸਨ 1547 ਈ. ਵਿੱਚ ਪਿੰਡੀ ਭੱਟੀਆਂ ਤੋਂ ਚੰਦ ਕੋਹ ਦੂਰ ਦਰਿਆ ਚਨ੍ਹਾਬ ਦੇ ਕਿਨਾਰੇ ਮੁਕਾਮ ਚੂਚਕ ਦੀ ਕਰੀਬੀ ਪਿੰਡ ਬਦਰ 'ਚ ਹੋਈ। ਦਰਅਸਲ ਇਹ ਮੁਕਾਮ ਉਸ ਦੌਰ 'ਚ ਦਰਿਆ ਦੇ ਆਰ-ਪਾਰ ਤਜ਼ਾਰਤ ਕਰਨ ਤੇ ਮੁਸਾਫਰਾਂ ਦੀ ਆਮਦ ਰਫਤ ਲਈ ਇਸਤੇਮਾਲ ਹੁੰਦਾ ਸੀ। ਚੂਚਕ ਭੀ ਦੁੱਲਾ ਭੱਟੀ ਦੇ ਖਾਦਾਨ 'ਚੋਂ ਸੀ ਇਸ ਤੋਂ ਬਾਅਦ ਭੱਟੀ ਦੀ ਚੌਥੀ ਪੁਸ਼ਤ ਵਿੱਚ 'ਅਉਦ' ਸੀ। ਅਉਦ ਦੇ 14 ਬੇਟਿਆਂ 'ਚੋਂਇਕ ਤਲਹਾਰਾ ਸੀ ਤੇ ਚੂਚਕ ਉਹਦਾ ਪੁੱਤਰ ਸੀ। ਚੂਚਕ ਦੇ ਤਿੰਨ ਬੇਟੇ ਨਸੀਓ, ਬਦਰ ਤੇ ਵਾਰਿਸ ਸਨ। ਇਹ ਤਿੰਨੇ ਪਹਿਲਾਂ ਬਦਰ ਪਿੰਡ 'ਚ ਈ ਰਹਿੰਦੇ ਸਨ ਜੋ ਮੁਗਲ ਦੌਰ ਵਿੱਚ ਮੌਜੂਦ ਪਿੰਡ ਚੂਚਕ ਅਤੇ ਬਹਿਲੋਲੀਵਰਦੇ ਦਰਮਿਆਨ ਫਤੂਆਮਾ ਤੇ ਤੂਤਵਾਲਾ ਦੇ ਮੁਕਾਮਪੁਰ ਸੀ। ਪਿੰਡ ਬਦਰ ਦਾ ਨਾਮੋ ਨਿਸ਼ਾਨ ਹੀ ਮਿਟ ਗਿਆ। ਦੁੱਲਾ ਭੱਟੀ ਦਾ ਖਾਨਦਾਨ ਅਸਲ ਵਿੱਚ ਪਿੰਡ ਭੱਟੀਆਂ 'ਚ ਆਬਾਦ ਸੀ। ਇਨ੍ਹਾਂ ਦੀ ਮਾਂ ਲੱਧੀ ਦਰਿਆਓਂ ਪਾਰ ਚਲਿਓਟ ਇਲਾਕੇ ਨਾਲ ਤੁਅੱਲਕ ਰੱਖਦੀ ਸੀ। ਜਦੋਂ ਅੰਮਾਂ ਲੱਧੀ ਨੇ ਦੁੱਲੇ ਨੂੰ ਜਨਮ ਦਿੱਤਾ ਤਾਂ ਉਹ ਦਰਿਆਓਂ ਪਾਰ ਜਾਣ ਲਈ ਬੇੜੀ 'ਚ ਸਵਾਰ ਸੀ। ਪੈਦਾਇਸ਼ ਦੇ ਵਕਤ ਦਾਈ ਨੇ ਦੁੱਲੇ ਦੇ ਜਿਸਮ ਤੇ ਇਕ ਨਿਸ਼ਾਨ ਦੇਖਿਆ ਤੇ ਉਹਦੀ ਮਾਂ ਨੂੰ ਕਿਹਾ ਕਿ ਇਹ ਬੱਚਾ ਤਾਰੀਖ ਵਿੱਚ ਆਪਣਾ ਨਾਂ ਚਮਕਾਵੇਗਾ ਅਤੇ ਇਹ ਬਹੁਤ ਦਲੇਰ ਤੇ ਨਿਡਰ ਹੋਵੇਗਾ। ਬਾਅਦ 'ਚ ਇਹ ਗੱਲ ਸੱਚੀ ਸਾਬਤ ਹੋਈ ਕਿਉਂਕਿ ਜੋ ਦੁੱਲੇ ਭੱਟੀ ਨੇ ਅਕਬਰਸ਼ਾਹੀ ਨੂੰ ਪੰਜਾਬ ਦੀ ਧਰਤੀ ਤੋਂ ਵੰਗਾਰਿਆ ਤੇ ਆਪਣੀ ਬਹਾਦਰੀ ਦੇ ਸਬੂਤ ਪੇਸ਼ ਕੀਤੇ। ਦੁੱਲੇ ਦਾ ਨਾਂ



ਪੰਜਾਬ ਦੀ ਸ਼ਖਾਵਤੀ ਜ਼ਿੰਦਗੀ ਵਿੱਚ ਬਹਾਦਰੀ ਤੇ ਨਿਡਰਤਾ ਦੀ ਅਲਾਮਤ ਬਣ ਕੇ ਸਾਹਮਣੇ ਆਇਆ।

ਜਦੋਂ ਦੁੱਲਾ ਭੱਟੀ ਜਵਾਨ ਹੋਇਆ ਤਾਂ ਪਰਥਾ ਜੱਟ, ਦਾਦੂ ਡੋਗਰ, ਜਮਾਲ ਖਾਂ, ਸਰਮਚੋ ਜੌੜਾ, ਕਲਾਬਰ ਵਾਲਾ, ਸੱਲ ਮਿਰਾਸੀ, ਦਉਲਾ ਕੂਲਾ ਅਤੇ ਖਾਬਨਾ ਵਜੀਰ ਇਸ ਦੇ ਕਰੀਬੀ ਸਾਥੀ ਸਨ। ਇਨ੍ਹਾਂ ਦੇ ਸੰਗ ਸਾਥ 'ਚ ਹੀ ਦੁੱਲੇ ਦੀਆਂ ਮਹਿਫਲਾਂ ਗਰਮ ਰਹਿੰਦੀਆਂ ਸਨ। ਇਹਨੇ ਆਪਣੀ ਜੰਗ ਤਾਕਤ 'ਚ ਵਾਧੇ ਦੇ ਨਾਲ ਆਪਣੇ ਅਸਰ ਰਸੂਖ ਹੇਠਲੇ ਇਲਾਕਿਆਂ ਵਿੱਚ ਵੀ ਵਾਧਾ ਕੀਤਾ। ਇਲਾਕੇ ਦੇ ਸੈਂਕੜੇ ਸਰਦਾਰ ਇਨ੍ਹਾਂ ਨਾਲ ਰਲ ਗਏ ਅਤੇ ਇਸ ਇਲਾਕੇ ਵਿੱਚ ਮੁਗਲਾਂ ਦਾ ਕੋਈ ਵੀ ਕਾਫਲਾ ਨਾ ਆ ਸਕਦਾ ਸੀ ਤੇ ਨਾ ਜਾ ਸਕਦਾ ਸੀ। ਉਸ ਜ਼ਮਾਨੇ ਵਿੱਚ ਹਿੰਦੁਸਤਾਨ ਦਾ ਕਿਸਾਨ ਬੇਹੱਦ ਮੁਸ਼ਕਲ ਜ਼ਿੰਦਗੀ ਗੁਜ਼ਾਰਦਾ ਸੀ। ਉਹਦੇ ਲਈ ਜਿਸਮ ਤੇ ਜਾਨ ਦਾ ਰਿਸ਼ਤਾ ਬਰਕਰਾਰ ਰੱਖਣਾ ਬਹੁਤ ਮੁਸ਼ਕਿਲ ਸੀ। ਜਦੋਂ ਕਿ ਹੁਕਮਨਰਾਨ ਸਹਿਜ਼ਾਦੇ ਅਤੇ ਜਾਗੀਰਦਾਰ ਐਸ਼ ਅਰਾਮ ਤੇ ਮੌਜਾਂ ਮਸਤੀਆਂ ਭਰੀਆਂ ਜ਼ਿੰਦਗੀਆਂ ਜੀਉ ਰਹੇ ਸਨ। ਅਕਸਰ ਹੀ ਕਿਸਾਨਾਂ ਦੀਆਂ ਜ਼ਮੀਨਾਂ, ਅਨਾਜ ਤੇ ਮਾਲ ਡੰਗਰ ਉਨ੍ਹਾਂ ਕੋਲੋਂ ਮਨਮਰਜ਼ੀ ਤੇ ਧੱਕੇ ਨਾਲ ਖੋਹ ਲਏ ਜਾਂਦੇ। ਕਿਸਮਤ ਮਾਰਿਆਂ ਨੂੰ ਸਰਕਾਰ ਵਾਸਤੇ ਬਗੈਰ ਕਿਸੇ ਇਵਜ਼ਾਨੇ ਉਜਰਤ ਤੋਂ ਮੁਸ਼ੱਕਤ ਤੇ ਬੇਗਾਰ ਕਰਨੀ ਪੈਂਦੀ। ਜਦੋਂ ਵੀ ਕਿਸੇ ਬਾਦਸ਼ਾਹ ਨੇ ਕੋਈ ਨਵਾਂ ਕਿਲਾ ਤਾਮੀਰ ਕਰਨਾ ਹੁੰਦਾ ਜਾਂ ਸ਼ਹਿਰ ਵਸਾਉਣਾ ਹੁੰਦਾ ਤਾਂ ਪੇਂਡੂ ਇਲਾਕੇ ਦੇ ਹਰ ਇਕ ਜੀਅ ਨੂੰ ਉਸਾਰੀ ਦੇ ਕੰਮ ਵਿੱਚ ਬਗੈਰ ਕਿਸੇ ਮਿਹਨਤਾਨੇ ਦੇ ਬੇਗਾਰ ਜਾਂ ਔਖੀ ਮੁਸ਼ੱਕਤ ਕਰਨੀ ਪੈਂਦੀ। ਆਮ ਕਿਸਾਨ ਇਸ ਸੂਰਤ ਹਾਲ ਤੋਂ ਬਹੁਤ ਤੰਗ ਆ ਚੁੱਕਿਆ ਸੀ। ਉਹ ਬਗਾਵਤ ਦੀਆਂ ਬਰੂਹਾਂ 'ਤੇ ਖੜ੍ਹਾ ਸੀ। ਉਹਨੂੰ ਸਿਰਫ ਅਗਵਾਈ ਦੀ ਲੋੜ ਸੀ। ਪੰਜਾਬ ਵਿੱਚ ਉਹਨੂੰ ਅਜਿਹੇ ਆਗੂ ਮਿਲ ਗਏ ਜਿਨ੍ਹਾਂ ਨੇ ਸਰਕਾਰੀ/ਸ਼ਾਹੀ ਕਾਫਲਿਆਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਇਕ ਵਾਰ ਅਜਿਹਾ ਹੀ ਇਕ ਕਾਫਲਾ ਜਿਸ ਕੋਲ ਕਾਫੀ ਕੀਮਤੀ ਸਮਾਨ ਤੇ ਨਕਦਨਾਮਾ ਸੀ ਇਸ ਇਲਾਕੇ ਵਿੱਚ ਆ ਦਾਖਲ ਹੋਇਆ। ਇਹਦੇ ਉੱਤੇ ਦੁੱਲਾ ਭੱਟੀ ਦੇ ਲਸ਼ਕਰ ਨੇ ਐਨਾ ਜ਼ਬਰਦਸਤ ਹਮਲਾ ਕੀਤਾ ਕਿ ਮੁਗਲ ਲਸ਼ਕਰ ਹੈਰਾਨ ਹੋ ਗਿਆ। ਇਸ ਕਾਫਲੇ ਦਾ ਸਰਦਾਰ ਮੁਗਲ ਦਰਬਾਰੀ ਅਮੀਰ ਬੇਗ ਮਾਨਕੇਰਾ ਸੀ ਜਿਸ ਦਾ ਸਿਰ ਕਲਮ ਕਰਕੇ ਦੁੱਲਾ ਭੱਟੀ ਨੇ ਮੇਦੇ ਖੱਤਰੀ ਦੇ ਹੱਥ ਮੁਗਲ ਦਰਬਾਰ ਵਿੱਚ ਭੇਜ ਦਿੱਤਾ। ਨਾਲ ਈਹ ਸੁਨੇਹਾ ਵੀ ਦੇ ਦਿੱਤਾ ਕਿ ਇਹ ਤੋਹਫਾ ਦੁੱਲੇ ਭੱਟੀ ਵੱਲੋਂ ਹੈ।

ਦੁੱਲਾ ਭੱਟੀ ਸ਼ਾਦਲ ਖਾਂ ਦਾ ਪੋਤਾ ਅਤੇ ਫਰੀਦ ਖਾਂ ਦਾ ਫਰਜ਼ੰਦ ਹੈ। ਬੇਸ਼ੱਕ ਅਕਸਰ ਬਾਦਸ਼ਾਹ ਦੇ ਸਮੇਂ ਦੇ ਲਿਖਤੀ ਰਿਕਾਰਡ ਵਿੱਚ ਇਹਦਾ ਕਿਤੇ ਵੀ ਜ਼ਿਕਰ ਨਹੀਂ, ਅਤੇ ਨਾ ਹੀ ਇਹਦੀ ਸ਼ਹਾਦਤ ਬਾਬਤ ਕੋਈ ਸਬੂਤ ਮਿਲਦੇ ਹਨ ਪ੍ਰੰਤੂ ਲੋਕ ਰਿਵਾਇਤਾਂ ਵਿੱਚ ਇਸ ਘਟਨਾ ਨੂੰ ਲੰਘੀਆਂ ਚਾਰ ਸਦੀਆਂ ਤੋਂ ਲਗਾਤਾਰ ਬਿਆਨ ਕੀਤਾ ਜਾਂਦਾ ਰਿਹਾ ਹੈ। ਮੁਗਲ ਦਰਬਾਰ ਵਾਸਤੇ ਇਹ ਇਕ ਵੰਗਾਰ ਸੀ। ਮਿਰਜ਼ਾ ਨਿਜ਼ਾਮੂਦੀਨ ਨੂੰ ਬਾਰਾਂ ਹਜ਼ਾਰ ਫੌਜ ਅਤੇ ਜੰਗੀ ਸਮਾਨ ਦੇ ਕੇ ਬਾਦਸ਼ਾਹ ਵੱਲੋਂ ਦੁੱਲਾ ਭੱਟੀ ਨੂੰ ਸਖਤੀ ਨਾਲ ਗ੍ਰਿਫਤਾਰ ਕਰਨ ਲਈ ਭੇਜਿਆ ਗਿਆ। ਨਿਜ਼ਾਮੂਦੀਨ ਦੀ ਫੌਜ ਨੇ ਜਦੋਂ ਪਿੰਡੀ ਭੱਟੀਆਂ 'ਤੇ ਹਮਲਾ ਕੀਤਾ ਉਸ ਵਕਤ ਦੁੱਲਾ ਆਪਣੇ ਨਾਨਕੇ ਚਨਿਓਟ ਗਿਆ ਹੋਇਆ ਸੀ। ਇਹਦੀ ਗੈਰ ਹਾਜ਼ਰੀ ਵੇਲੇ ਦੁੱਲਾ ਭੱਟੀ ਦੇ ਬੇਟੇ ਨੂਰ ਖਾਂ ਅਤੇ ਰਿਸ਼ਤੇ ਵਿੱਚੋਂ ਭਰਾ ਲਗਦੇ ਸਰਪੋਸ਼ਤੀ (ਮੇਹਰੂ) ਨੇ ਆਖਰੀ ਦਮ ਤੱਕ ਜੰਗ ਵਿੱਚ ਮੁਕਾਬਲਾ ਕੀਤਾ। ਆਖਰਕਾਰ ਪਿੰਡੀ ਭੱਟੀਆਂ ਵਾਲੇ ਹਾਰ ਗਏ, ਦੁੱਲਾ ਭੱਟੀ ਦੀ ਧੀ ਬਖਤੁਨਿਸ਼ਾ (ਬਖਤੋ) ਮਾਗੀ ਗਈ, ਮਾਂ ਲੱਧੀ ਤੇ ਦੋਨੋਂ ਬੀਵੀਆਂ ਫੁਲਰਾਂ ਅਤੇ ਨੂਰਾਂ ਨਜ਼ਰਬੰਦ ਕਰ ਲਈਆਂ ਗਈਆਂ। ਜਦੋਂ ਇਨ੍ਹਾਂ ਕੈਦੀਆਂ ਨੂੰ ਲਾਹੌਰ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਦੁੱਲੇ ਦੇ ਦੋਸਤ ਰੂੜੇ ਜੱਟ ਨੇ ਇਨ੍ਹਾਂ ਨੂੰ ਦੇਖਿਆ। ਉਹ ਤੇਜ਼ ਰਫਤਾਰ ਘੋੜਾ ਭਜਾ ਕੇ ਚਨਿਓਟ ਜਾ ਪਹੁੰਚਿਆ ਅਤੇ ਦੁੱਲਾ ਭੱਟੀ ਨੂੰ ਸੂਰਤ-ਹਾਲ ਤੋਂ ਜਾਣੂ ਕਰਵਾਇਆ। ਉਹਨੇ ਦੱਸਿਆ ਕਿ ਮੁਗਲਾਂ ਨੇ ਪਿੰਡੀ ਭੱਟੀਆਂ ਨੂੰ ਢਾਹ ਕੇ ਮਿੱਟੀ ਵਿੱਚ ਮਿਲਾ ਦਿੱਤਾ ਹੈ। ਤੇਰੀ ਮਾਂ ਲੱਧੀ ਅਤੇ ਧੀ ਸਲੀਮੋ ਤੇ ਬੇਟੇ ਨੂਰ ਖਾਂ ਨੂੰ ਮੁਗਲ ਫੌਜ ਫੜ ਕੇ ਲੈ ਗਈ ਹੈ। ਉਨ੍ਹਾਂ ਨੇ ਤੇਰੀ ਬਹੂ ਰਾਣੀ ਫੁਲਰਾਂ ਨੂੰ ਵੀ ਬੰਨ੍ਹ ਲਿਆ ਹੈ।

ਇਸ ਦੌਰਾਨ ਮੁਗਲ ਫੌਜ ਕੈਦੀਆਂ ਨੂੰ ਲੈ ਕੇ ਪਿੰਡੀ ਲਾਲ ਖਾਂ ਆ ਗਈ ਅਤੇ ਆਪਣਾ ਡੇਰਾ ਲਾ ਲਿਆ। ਬਾਰ ਦੇ ਇਸ ਸਰਹੱਦੀ ਇਲਾਕੇ ਦੇ ਸਰਦਾਰ ਲਾਲ ਖਾਂ ਦੀ ਜ਼ਮੀਰ ਨੇ ਇਹ ਬਰਦਾਸ਼ਤ ਨਾ ਕੀਤਾ ਕਿ ਦੁੱਲਾ ਭੱਟੀ ਦੇ ਪਰਿਵਾਰ ਦੀਆਂ ਔਰਤਾਂ ਮੁਗਲ ਦਰਬਾਰ ਵਿੱਚ ਜ਼ਲੀਲ ਤੇ ਸ਼ਰਮਿੰਦੀਆਂ ਕੀਤੀਆਂ ਜਾਣ। ਉਹ ਮੁਗਲ ਫੌਜ ਦੇ ਸਾਹਮਣੇ ਡੱਟ ਗਿਆ। ਦੂਜੇ ਪਾਸਿਓਂ ਦੁੱਲਾ ਭੱਟੀ ਵੀ ਲਸ਼ਕਰ ਲੈ ਕੇ ਜੰਗ ਦੇ ਮੈਦਾਨ ਵਿੱਚ ਆ ਪਹੁੰਚਿਆ। ਉਸ ਦੇ ਨਾਲ ਉਹਦੇ ਮਾਮੇ ਰਹਿਮਤ ਖਾਂ ਨੇ ਵੀ ਆਪਣੇ ਘੋੜ ਸਵਾਰ ਭੇਜੇ। ਦੁੱਲਾ ਭੱਟੀ ਨੇ ਜ਼ਬਰਦਸਤ ਜੰਗ ਕੀਤੀ ਜਿਸ ਨਾਲ ਮੁਗਲ ਫੌਜ ਛੋਟੀਆਂ-ਛੋਟੀਆਂ ਟੁਕੜੀਆਂ ਵਿੱਚ ਵੰਡੀ ਗਈ। ਲਗਦਾ ਸੀ ਕਿ ਮਿਰਜ਼ਾ ਨਿਜ਼ਾਮੂਦੀਨ ਦਾ ਸਿਰ ਛੇਤੀ ਹੀ ਧੜ ਨਾਲੋਂ ਵੱਖ ਹੋ ਜਾਵੇਗਾ ਪਰ ਮਿਰਜ਼ੇ ਨੇ ਬੜੀ ਚਲਾਕੀ ਨਾਲ ਆਪਣਾ ਸਿਰ ਦੁੱਲਾ ਭੱਟੀ ਦੀ ਮਾਂ ਦੇ ਪੈਰਾਂ ਉੱਤੇ ਰੱਖ ਕੇ ਰਹਿਮ ਦੀ ਦਰਖਾਸਤ ਕੀਤੀ। ਦੁੱਲੇ ਭੱਟੀ ਨੇ ਮਾਂ ਦੇ ਆਖਣ 'ਤੇ ਆਪਣੀ ਤਲਵਾਰ ਮਿਆਨ ਵਿੱਚ ਪਾ ਲਈ ਅਤੇ ਇੰਝ ਨਿਜ਼ਾਮੂਦੀਨ ਦੀ ਜਾਨ ਬਖਸ਼ੀ ਗਈ। ਪਰ ਇਸ ਮਕਾਰ ਨੇ ਮੌਕਾ ਮਿਲਦੇ ਹੀ ਖੁਫੀਆ ਫੌਜ ਦੀ ਮੱਦਦ ਨਾਲ ਦੁੱਲੇ ਨੂੰ ਗ੍ਰਿਫਤਾਰ ਕਰ ਲਿਆ। ਇਸ ਮੌਕੇ ਵੀ ਦੁੱਲੇ ਨੇ ਜਵਾਂ ਮਰਦੀ ਵਿਖਾਉਂਦਿਆਂ ਕਈਆਂ ਦੇ ਸਿਰ ਧੜ ਨਾਲੋਂ ਵੱਖ ਕੀਤੇ।

ਆਖਰਕਾਰ ਦੁੱਲੇ ਨੂੰ ਲਾਹੌਰ ਦਰਬਾਰ ਵਿੱਚ ਲਿਜਾਇਆ ਗਿਆ ਅਤੇ ਬਾਦਸ਼ਾਹ ਅਕਬਰ ਦੇ ਹੁਕਮ ਨਾਲ 26 ਮਾਰਚ 1589 ਨੂੰ ਮੁਹੱਲਾ ਨਖਾਸ ਚੌਂਕ (ਲੰਡਾ ਬਾਜ਼ਾਰ) ਦੇ ਨੇੜੇ ਨੌਂ ਲੱਖਾ ਬਜ਼ਾਰ ਵਿੱਚ ਸੂਲੀ ਉੱਤੇ ਟੰਗ ਦਿੱਤਾ ਗਿਆ। ਇਕ ਰਵਾਇਤ ਮੁਤਾਬਿਕ ਜਦੋਂ ਦੁੱਲੇ ਨੂੰ ਸੂਲੀ ਉੱਤੇ ਟੰਗਿਆ ਜਾ ਰਿਹਾ ਸੀ ਤਾਂ ਉਥੇ ਮਸ਼ਹੂਰ ਸੂਫ਼ੀ ਸ਼ਾਹ ਹੁਸੈਨ ਵੀ ਆਏ। ਉਨ੍ਹਾਂ ਨੇ ਝੂਮ ਝੂਮ ਕੇ ਅਜਿਹੀਆਂ ਰਮਜ਼ਾਂ ਭਰੀਆਂ ਕਾਫੀਆਂ ਪੜ੍ਹੀਆਂ ਜੋ ਕਿਆਮਤ ਤੱਕ ਪੱਥਰਾਂ 'ਤੇ ਉਲੀਕੀਆਂ ਗਈਆਂ। ਦੁਲਾ ਭੱਟੀ ਦੀ ਸਾਰੀ ਜੱਦੋ-ਜਹਿਦ ਕਿਸਾਨਾਂ ਉੱਤੇ ਢਾਏ ਜਾਣ ਵਾਲੇ ਜ਼ੁਲਮਾਂ ਤੇ ਜ਼ਬਰਾਂ ਦੇ ਖਿਲਾਫ ਸੀ। ਸਿੱਟਾ ਇਹ ਕਿ ਦੁੱਲਾ ਭੱਟੀ ਪੰਜਾਬ ਦਾ ਇਕ ਅਜਿਹਾ ਕਿਰਦਾਰ ਹੈ ਜਿਸ ਨੇ ਜਾਨ ਵਾਰ ਕੇ ਪੰਜਾਬ ਦੀ ਅਣਖ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਅਤੇ ਨਾ ਹੀ ਜ਼ਮਾਨਾ ਇਸ ਨੂੰ ਭੁਲਾ ਸਕਿਆ। ਅੱਜ ਤੱਕ ਜ਼ੁਲਮ ਦੇ ਖਿਲਾਫ ਲੜਨ ਵਾਲਾ ਦੁੱਲਾ ਭੱਟੀ ਪੰਜਾਬੀਆਂ ਦੇ ਜ਼ਹਿਨਾਂ ਵਿੱਚ ਰੋਜ਼ੇ ਰੋਸ਼ਨ ਦੀ ਤਰ੍ਹਾਂ ਕਾਇਮ ਹੈ।

ਦੁੱਲੇ ਭੱਟੀ ਦਾ ਕਿਰਦਾਰ ਸੁੰਦਰ ਮੁੰਦਰੀਏ ਦੀ ਦਾਸਤਾਨ ਦੇ ਹਵਾਲੇ ਨਾਲ ਵੀ ਇਕ ਗੈਰਤਮੰਦ ਤੇ ਬਹਾਦਰ ਪੰਜਾਬੀ ਦੀ ਗਵਾਹੀ ਦਿੰਦਾ ਹੈ। ਸੁੰਦਰ ਮੁੰਦਰੀ ਗਰੀਬ ਅਤੇ ਜ਼ਰੂਰਤਮੰਦ ਹਿੰਦੂ ਮੂਲ ਚੰਦ ਦੀ ਧੀ ਸੀ। ਉਹ

ਪਿੰਡੀ ਭੱਟੀਆਂ ਦੇ ਨੇੜਲੇ ਪਿੰਡ ਕੋਟ ਨੱਕਾ ਦਾ ਰਹਿਣ ਵਾਲਾ ਸੀ। ਉਥੇ ਦੇ ਮੁਸਲਮਾਨ ਜਗੀਰਦਾਰ ਨੇ ਸੁੰਦਰ ਮੁੰਦਰੀ ਨਾਲ ਜ਼ਬਰਦਸਤੀ ਸ਼ਾਦੀ ਕਰਨੀ ਚਾਹੀਦੀ ਤਾਂ ਉਸ ਦਾ ਬਾਪ ਮੂਲ ਚੰਦ ਫਰਿਆਦ ਲੈ ਕੇ ਦੁੱਲੇ ਭੱਟੀ ਕੋਲ ਗਿਆ। ਮੂਲ ਚੰਦ ਨੂੰ ਪਤਾ ਸੀ ਕਿ ਦੁੱਲਾ ਭੱਟੀ ਗਰੀਬਾਂ ਦਾ ਰਖਵਾਲਾ ਹੈ ਅਤੇ ਉਹ ਸਰਕਾਰੀ ਖਜ਼ਾਨੇ ਲੁੱਟ ਕੇ ਗਰੀਬਾਂ, ਮਸਕੀਨਾਂ ਤੇ ਜ਼ਰੂਰਤਮੰਦਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਚਾਹੇ ਕੋਈ ਹਿੰਦੂ ਹੋਵੇ ਜਾਂ ਮੁਸਲਮਾਨ ਦੁੱਲਾ ਸਭ ਨੂੰ ਇਕੋ ਨਜ਼ਰ ਨਾਲ ਵੇਖਦਾ ਸੀ। ਦੁੱਲਾ ਭੱਟੀ ਨੇ ਮੂਲ ਚੰਦ ਨੂੰ ਤਸੱਲੀ ਦਿੱਤੀ ਤੇ ਕਿਹਾ ਕਿ ਸੁੰਦਰ ਮੁੰਦਰੀ ਤੇਰੀ ਹੀ ਨਹੀਂ ਮੇਰੀ ਵੀ ਧੀ ਹੈ। ਮੈਨੂੰ ਇਹਦਾ ਹਕੀਕੀ ਪਿਓ ਸਮਝ ਤੇ ਮੈਂ ਇਹਦੀ ਸ਼ਾਦੀ ਕਿਸੇ ਚੰਗੇ ਹਿੰਦੂ ਲੜਕੇ ਨਾਲ ਕਰਵਾ ਦੇਵਾਂਗਾ। ਉਹਨੇ ਮੂਲ ਚੰਦ ਨੂੰ ਵਿਦਾ ਕਰਦਿਆਂ ਕਿਹਾ ਕਿ ਮੁਸਲਮਾਨ ਜ਼ਿੰਮੀਦਾਰ ਨੂੰ ਹਾਂ ਕਰਕੇ ਬਰਾਤ ਲਿਆਉਣ ਲਈ ਸੁਨੇਹਾ ਭੇਜ ਦਿਓ। ਮੈਂ ਸ਼ਾਦੀ ਵਾਲੇ ਦਿਨ ਖੁਦ ਉਥੇ ਆਵਾਂਗਾ। ਉਧਰ ਦੁੱਲਾ ਭੱਟੀ ਨੇ ਸਾਂਗਲਾ ਹਿੱਲ ਇਲਾਕੇ ਦੇ ਇਕ ਹਿੰਦੂ ਮੁੰਡੇ ਨਾਲ ਸੁੰਦਰ ਮੁੰਦਰੀ ਦਾ ਰਿਸ਼ਤਾ ਤੈਅ ਕਰਕੇ ਉਨ੍ਹਾਂ ਨੂੰ ਵੀ ਉਸੇ ਦਿਨ ਬਰਾਤ ਲਿਆਉਣ ਲਈ ਆਖ ਦਿੱਤਾ। ਜਦੋਂ ਜ਼ਿੰਮੀਦਾਰ ਸੱਜ ਧੱਜ ਕੇ ਬਰਾਤ ਸਮੇਤ ਮੂਲ ਚੰਦ ਦੇ ਘਰ ਪਹੁੰਚਿਆ ਤਾਂ ਦੁੱਲਾ ਭੱਟੀ ਦੇ ਸ਼ੇਰ ਜਵਾਨਾਂ ਨੇ ਉਹਨੂੰ ਦਬੋਚ ਲਿਆ ਅਤੇ ਸਾਰੇ ਬਰਾਤੀਆਂ ਦੀ ਲੰਮਿਆਂ ਪਾ ਕੇ ਖੂਬ ਛਤਰੌਲ ਕੀਤੀ। ਇੰਨੇ ਨੂੰ ਸਾਂਗਲੇ ਵਾਲਿਆਂ ਦੀ ਬਰਾਤ ਵੀ ਪਹੁੰਚ ਗਈ ਤੇ ਦੁੱਲਾ ਖੁਦ ਵੀ ਆ ਗਿਆ ਜਦ ਮੁੰਡੇ ਕੁੜੀ ਦੇ ਫੇਰੇ ਹੋਣ ਲੱਗੇ ਤਾਂ ਦੁੱਲਾ ਭੱਟੀ ਨੇ ਹਿੰਦੂ ਰੀਤੀ ਰਿਵਾਜ਼ ਮੁਤਾਬਿਕ ਬਾਪ ਦੀ ਜ਼ਿੰਮੇਵਾਰੀ ਨਿਭਾਈ। ਕੁੜੀ ਨੂੰ ਲਾਲ ਰੰਗ ਦਾ ਸਾਲੂ, ਉਹਦੇ ਵਿੱਚ ਗੁੜ ਦੀ ਰੋੜੀ ਰੱਖ ਕੇ ਤੋਹਫੇ ਵਜੋਂ ਦਿੱਤੀ। ਇਹ ਮੰਜ਼ਰ ਉਸ ਵੇਲੇ ਆਪਣੀ ਮਿਸਾਲ ਆਪ ਹੀ ਸੀ। ਪਿੰਡ ਵਾਲਿਆਂ ਨੇ ਤਾਂ ਖੁਦ ਵੇਖਿਆ ਤੇ ਆਲੇ-ਦੁਆਲੇ ਜਦੋਂ ਪਤਾ ਲੱਗਾ ਤਾਂ ਸਾਰੇ ਨੱਚ ਉੱਠ ਕੇ ਗਾਉਣ ਲੱਗੇ। ਉਹ ਭਰ ਸਰਦੀ ਦੇ ਕੜਾਕੇ ਵਾਲੇ ਦਿਨ ਸਨ ਪਰ ਉਨ੍ਹਾਂ ਦੇ ਗੀਤਾਂ ਨੇ ਗਰਮੀ ਪੈਦਾ ਕਰ ਦਿੱਤੀ। ਅੱਜ ਵੀ ਲੋਹੜੀ ਦੇ ਮੌਕੇ ਇਹ ਗੀਤ ਗਾਇਆ ਜਾਂਦਾ ਹੈ।

ਸੁੰਦਰ ਮੁੰਦਰੀਏ... ਹੋ
ਤੇਰਾ ਕੌਣ ਵਿਚਾਰਾ... ਹੋ
ਦੁੱਲਾ ਭੱਟੀ ਵਾਲਾ... ਹੋ
ਦੁੱਲੇ ਧੀ ਵਿਆਹੀ... ਹੋ
ਸ਼ੇਰ ਸ਼ੱਕਰ ਪਾਈ... ਹੋ

ਜਿਥੋਂ ਤੱਕ ਦੁੱਲਾ ਭੱਟੀ ਦੇ ਖਾਨਦਾਨ ਤੇ ਉਹਦੀ ਔਲਾਦ ਦਾ ਤੁਅੱਲਕ ਹੈ ਉਹ ਖੁਦ ਬਿਜਲੀ ਖਾਂ ਉਰਫ ਸਾਂਦਲ ਖਾਂ ਦਾ ਪੋਤਾ ਅਤੇ ਫਰੀਦ ਖਾਂ ਭੱਟੀ ਦਾ ਪੁੱਤਰ ਸੀ। ਬਿਜਲੀ ਖਾਂ ਹੋਰੀ ਤਿੰਨ ਭਰਾ ਸਨ ਫਤਹਿ ਖਾਂ, ਪਿਰੌਜੇ ਖਾਂ ਤੇ ਰਾਅ ਉਸਮਾਨ ਖਾਂ। ਇਨ੍ਹਾਂ ਵਿੱਚੋਂ ਫਤਹਿ ਖਾਂ ਦੀ ਔਲਾਦ ਪਿੰਡੀ ਭੱਟੀਆਂ ਦੇ ਨਜ਼ਦੀਕੀ ਪਿੰਡ ਫਤਹਿ ਵਿੱਚ ਵੱਸਦੀ ਹੈ, ਰਾਅ ਉਸਮਾਨ ਦੀ ਔਲਾਦ ਨੇ ਪਹਿਲਾਂ ਪਿੰਡ ਠੱਠਾ ਰਾਏ ਆਬਾਦ ਕੀਤਾ। ਪਿੱਛੋਂ ਲਾਹੌਰ ਦੇ ਪਿੰਡ ਮਿਰਖ ਕਲਾਂ, ਮਿਰਖ ਖੁਰਦ ਅਤੇ ਮਿਹਰਵਾਲਾ ਵਿੱਚ ਜਾ ਵੱਸੇ। ਪਿਰੌਜੇ ਦੀ ਔਲਾਦ ਦੁੱਲੇ ਕੀ ਪਿੰਡ ਵਿੱਚ ਆਬਾਦ ਹੈ। ਬਿਜਲੀ ਖਾਂ ਦੇ ਤਿੰਨ ਪੁੱਤਰ ਫਰੀਦ ਖਾਂ, ਪਰਾਣਾ ਅਤੇ ਸ਼ੇਖੂ ਸਨ। ਇਨ੍ਹਾਂ 'ਚੋਂ ਪਰਾਣਾ ਨੇ ਪਿੰਡੀ ਭੱਟੀਆਂ ਦੇ ਚੜ੍ਹਦੇ ਪਾਸੇ ਸੁੱਖੇ ਕੀ ਰੋਡ ਦੇ ਕਰੀਬ ਪਰਾਣੇ ਕੀ ਪਿੰਡ ਆਬਾਦ ਕੀਤਾ। ਇਹਦੀ ਔਲਾਦ ਅੱਜ ਵੀ ਇਸੇ ਪਿੰਡ ਵਿੱਚ ਵਸਦੀ ਹੈ। ਜਦੋਂ ਕਿ ਸ਼ੇਖੂ ਦੇ ਪੰਜ ਬੇਟੇ ਸ਼ਾਹ ਮੁਹੰਮਦ, ਅਲੀ ਸ਼ੇਰ, ਸਾਬੂ, ਅਲਾਵਲ ਤੇ ਕੁਤਬਾ ਦੀਆਂ ਔਲਾਦਾਂ ਪਿੰਡੀ ਭੱਟੀਆਂ ਦੇ ਲਹਿੰਦੇ ਪਾਸੇ ਦੇ ਪਿੰਡ ਸ਼ਾਹ ਮੁਹੰਮਦ, ਮਕਸੂਦਾ, ਚੱਕ ਸਾਬੂ ਅਤੇ ਠੱਠੇ ਕੁਤਬਾ ਵਿੱਚ ਹਨ। ਖੁਦ ਦੁੱਲਾ ਭੱਟੀ ਹੋਰ ਪੰਜ ਭਰਾ ਸਨ - ਮਾਮੂਦ, ਬੁੱਢਾ, ਬਹਿਲੋਲ, ਸਲਾਰ ਅਤੇ ਆਦਮ। ਇਨ੍ਹਾਂ 'ਚੋਂ ਮਾਮੂਦ ਦੀ ਔਲਾਦ ਪਿੰਡੀ ਭੱਟੀਆਂ ਦੇ ਲਹਿੰਦੇ ਬੰਨੇ ਪਿੰਡਾਂ ਕੰਧਾਂ, ਮਿਰਜ਼ਾ ਭੱਟੀਆਂ ਤੇ ਸ਼ਾਹਪੁਰ ਵਿੱਚ ਹੈ। ਬਹਿਲੋਲ ਨੇ ਪਿੰਡ ਬਹਿਲੋਲ ਵਸਾਇਆ ਅਤੇ ਇਹਦੀਆਂ ਅਗਲੀਆਂ ਪੀੜ੍ਹੀਆਂ ਇਥੇ ਹੀ ਹਨ। ਬੁੱਢਾ ਦੀ ਔਲਾਦ ਪਿੰਡ ਭੱਟੀਆਂ ਦੇ ਆਸ-ਪਾਸ ਰਹਿੰਦੇ ਬੁੱਢੇ ਕੀ ਭੱਟੀ ਅਖਵਾਉਂਦੇ ਹਨ। ਸਲਾਰ ਦੇ ਤਿੰਨ ਬੇਟਿਆਂ ਕਰਮਦਾਦ, ਛੱਤੀ ਕਰਮਦਾਦ, ਚੱਕ ਭੱਟੀ, ਕੋਟ ਦਿਲਾਵਰ, ਸ਼ਾਹਕੋਟੀ ਭੱਟੀ, ਬਾਕਾ ਭੱਟੀ ਦੀਆਂ ਵਸਨੀਕ ਹਨ। ਜਿੱਥੋਂ ਤੱਕ ਦੁੱਲੇ ਭੱਟੀ ਦੀ ਆਪਣੀ ਪੀੜ੍ਹੀ ਦਾ ਤੁਅੱਲਕ ਹੈ ਉਹਦੇ ਬਾਬਤ ਵੱਖ-ਵੱਖ ਵਿਚਾਰ ਹਨ।

ਇਹਦੀ ਬੀਬੀ ਫੁਲਰਾਂ ਦਾ ਪਿਛੋਕੜ ਭੱਟੀ ਕਬੀਲੇ ਦਾ ਸੀ। ਲਕ ਰਵਾਇਤਾਂ ਵਿੱਚ ਦੁੱਲੇ ਦੇ ਤਿੰਨ ਪੁੱਤਰਾਂ ਅਤੇ ਧੀਆਂ ਦਾ ਜ਼ਿਕਰ ਹੈ। ਬੇਟੀਆਂ ਸਲੀਮੋ ਤੇ ਬਖਤੋ (ਬਖਤੁਨਿਸ਼ਾ) ਸਨ। ਬਖਤੋ ਪਿੰਡੀ ਭੱਟੀਆਂ 'ਤੇ ਹਮਲੇ 'ਚ ਮਾਰੀ ਗਈ ਸੀ। ਲੜਕਿਆਂ 'ਚ ਜਹਾਨ ਖਾਂ, ਕਮਾਲ ਖਾਂ ਅਤੇ ਨੂਰ ਖਾਂ ਸਨ। ਦੁੱਲਾ ਭੱਟੀ ਦੀ ਫਾਂਸੀ ਤੋਂ ਪਿੱਛੋਂ ਪਿੰਡੀ ਭੱਟੀਆਂ ਦੇ ਕਿਲੇ ਨੂੰ ਤਬਾਹ ਕਰ ਦਿੱਤਾ ਗਿਆ ਸੀ। ਇਹਦੀਆਂ ਔਲਾਦਾਂ ਸਰਗੋਧੇ, ਮੰਡੀ ਬਹਾਉਦੀਨ, ਗੁਜਰਾਤ ਤੇ ਭੱਖਰ ਦੇ ਇਲਾਕਿਆਂ ਵਿੱਚ ਮੌਜੂਦ ਹਨ। ਜਹਾਨ ਖਾਂ ਕੁਝ ਅਰਸੇ ਪਿੱਛੋਂ ਪਿੰਡੀ ਭੱਟੀਆਂ ਆ ਗਿਆ ਅਤੇ ਇੱਥੇ ਪਿੰਡ ਦੁੱਲੇ ਕੀ ਮੁੜ ਆਬਾਦ ਕੀਤਾ। ਇਹਦੀ ਔਲਾਦ ਅੱਜ ਵੀ ਇਥੇ ਵੱਸਦੀ ਰਸਦੀ ਹੈ।

ਪੰਜਾਬੀ ਉਲੱਥਾ : ਡਾ. ਨਿਰਮਲ ਸਿੰਘ

ਲੇਖਕ - ਪ੍ਰੋ. ਅਸਲ ਸਲੀਮ ਸ਼ੇਖ ਵਾਇਸ ਪ੍ਰਿੰਸੀਪਲ,
ਸਰਕਾਰੀ ਡਿਗਰੀ ਕਾਲਜ,
ਪਿੰਡ ਭੱਟੀਆਂ ਜ਼ਿਲ੍ਹਾ ਹਾਫਿਜ਼ਾਬਾਦ- ਲਹਿੰਦਾ ਪੰਜਾਬ,
ਪਾਕਿਸਤਾਨ

ਜ਼ਰੂਰੀ ਨਹੀਂ ਕਿ ਹਰ ਸਮੇਂ ਰੱਬ ਦਾ ਨਾਮ ਤੁਹਾਡੀ ਜ਼ੁਬਾਨ ਤੇ ਆਏ। ਉਹ ਸਮਾਂ ਵੀ ਭਗਤੀ ਤੋਂ ਘੱਟ ਨਹੀਂ ਜਦੋਂ ਇੱਕ ਇਨਸਾਨ ਦੂਜੇ ਦੇ ਕੰਮ ਆਏ।

ਪ੍ਰੇਮ ਦਾ ਪ੍ਰਤੀਕ ਬਸੰਤ ਰੁੱਤ ਦਾ ਤਿਉਹਾਰ

ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524



ਅਸੀਂ ਸਾਲ ਵਿਚ ਕਈ ਰੁੱਤਾਂ ਹੰਢਾਂਦੇ ਹਾਂ। ਕਦੀ ਗਰਮੀ ਤੇ ਕਦੀ ਪਾਲਾ। ਕਦੀ ਤੱਤੀ ਲੂ ਤੇ ਕਦੀ ਵਰਖਾ ਦੀਆਂ ਫੁਹਾਰਾਂ। ਕਦੀ ਪੱਤਝੜ ਤੇ ਕਦੀ ਫੁੱਲਾਂ-ਫਲਾਂ ਨਾਲ ਲੱਦੇ ਪੌਦੇ। ਕਦੀ ਵਿਸਾਖ ਦੀਆਂ ਵਾਢੀਆਂ ਤੇ ਕਦੀ ਸੜਦਾ ਹੋਇਆ ਜੇਠ-ਹਾੜ੍ਹ। ਕਦੀ ਸਾਉਣ ਦੀਆਂ ਝੜੀਆਂ ਤੇ ਕਦੀ ਭਾਦੋਂ ਦੇ ਛੱਰਾਟੇ। ਕਦੀ ਇਸ ਤਰ੍ਹਾਂ ਵੀ ਹੁੰਦਾ ਹੈ, ਅੱਸੂ ਮਾਂਹ ਨਿਰਾਲੇ, ਦਿਨੇ ਧੁੱਪਾਂ ਤੇ ਰਾਤੀਂ ਪਾਲੇ।

ਬਸੰਤ ਰੁੱਤ ਪੱਤਝੜੀ ਸਿਆਲ ਰੁੱਤ ਦੇ ਪਿਛੋਂ ਆਉਂਦੀ ਹੈ। ਇਸ ਦੇ ਹਿੱਸੇ ਮਾਘ, ਫੱਗਣ ਤੇ ਚੇਤਰ ਦੇ ਕੁਝ ਦਿਨ ਆਉਂਦੇ ਹਨ। ਇਸ ਦੇ ਪਿੱਛੇ-ਪਿੱਛੇ ਗਰਮੀ ਦੀ ਰੁੱਤ ਆ ਰਹੀ ਹੁੰਦੀ ਹੈ। ਇਸ ਤਰ੍ਹਾਂ ਬਸੰਤ ਰੁੱਤ ਸਿਆਲੇ ਤੇ ਹੁਨਾਲੇ ਦਾ ਵਿਚਕਾਰਲਾ ਸਮਾਂ ਹੈ। ਬਸੰਤ ਨੂੰ ਰਿਤੂ ਰਾਜਾ ਕਿਹਾ ਜਾਂਦਾ ਹੈ।

ਮਾਘ ਦੀਆਂ ਨਿੱਘੀਆਂ ਨਿੱਘੀਆਂ ਧੁੱਪਾਂ ਨਾਲ ਨਵੀਂ ਰੁੱਤ ਸ਼ੁਰੂ ਹੋ ਜਾਂਦੀ ਹੈ। ਜੇਕਰ ਲੋਹੜੀ ਪੋਹ ਮਹੀਨੇ ਦਾ ਅੰਤ ਹੈ ਤਾਂ ਬਸੰਤ ਪੰਚਮੀ ਬਹਾਰ ਰੁੱਤ ਦਾ ਆਰੰਭ ਹੈ। ਅਸੀਂ ਬਸੰਤ ਪੰਚਮੀ ਨਾਲ ਇਸ ਸੁੰਦਰ ਤੇ ਸੁਹਾਣੀ ਰੁੱਤ ਦਾ ਸੁਆਗਤ ਕਰਦੇ ਹਾਂ। ਲੋਕ ਆਪ ਮੁਹਾਰੇ ਹੀ ਆਖਦੇ ਹਨ ਆਈ ਬਸੰਤ, ਪਾਲਾ ਉਡੰਤ।

ਸਾਡੇ ਬਹੁਤੇ ਤਿਉਹਾਰ ਬਦਲਦੀਆਂ ਰੁੱਤਾਂ ਨਾਲ ਸਬੰਧ ਰਖਦੇ ਹਨ। ਬਸੰਤ ਪੰਚਮੀ, ਹੋਲੀ ਅਤੇ ਵੈਸਾਖੀ ਵਰਗੇ ਤਿਉਹਾਰ ਰੁੱਤਾਂ ਨਾਲ ਹੀ ਜੁੜੇ ਹੋਏ ਹਨ। ਕਈ ਵਾਰ ਕਿਸੇ ਮਹਾਂ ਪੁਰਸ਼ ਜਾਂ ਕਿਸੇ ਵਿਸ਼ੇਸ਼ ਘਟਨਾ ਨਾਲ ਜੁੜਨ ਕਰਕੇ ਇਹ ਤਿਉਹਾਰ ਹੋਰ ਵੀ ਪਵਿੱਤਰ ਬਣ ਜਾਂਦੇ ਹਨ। ਬਸੰਤ ਪੰਚਮੀ ਦਾ ਪੁਰਬ ਬੜਾ ਰੰਗੀਲਾ ਹੈ ਪਰ ਇਹ ਇਸ ਕਰਕੇ ਵੀ ਪਵਿੱਤਰ ਤੇ ਮਹਾਨ ਹੈ ਕਿਉਂਕਿ ਇਸ ਨਾਲ ਵੀਰ ਹਕੀਕਤ ਰਾਏ ਦੀ ਸ਼ਹੀਦੀ ਜੁੜੀ ਹੋਈ ਹੈ।

ਬਸੰਤ ਪੰਚਮੀ ਮੱਘਰ ਮਹੀਨੇ ਦੇ ਚਾਨਣੇ ਪੱਖ ਦੀ ਪੰਚਮੀ ਨੂੰ ਮਨਾਈ ਜਾਂਦੀ ਹੈ। ਇਹ ਮਹੀਨਾ ਪਿਆਰੀ ਮਹਿਕਾਂ ਭਰੀ ਬਸੰਤ ਰੁੱਤ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਬਸੰਤ ਪੰਚਮੀ ਸਾਡੇ ਦੇਸ਼ ਦਾ ਇਕ ਲੋਕ ਤਿਉਹਾਰ ਹੈ। ਪਿੰਡਾਂ



ਵਿਚ ਲੋਕ ਨੱਚਦੇ, ਕੁੱਦਦੇ ਅਤੇ ਖ਼ੁਸ਼ੀਆਂ ਮਨਾਉਂਦੇ ਸਨ। ਹਰ ਪਾਸੇ ਖੇੜਾ ਹੁੰਦਾ ਸੀ।

ਬਸੰਤ ਪਤੰਗਬਾਜ਼ੀ ਲਈ ਸਭ ਤੋਂ ਵਧੀਆ ਰੁੱਤ ਹੈ। ਇਸ ਰੁੱਤੇ ਪੌਣ ਬਹੁਤੀ ਤੇਜ਼ ਨਹੀਂ ਵਗਦੀ ਸਗੋਂ ਮੰਦ ਰੁਮਕ ਰਹੀ ਹੁੰਦੀ ਹੈ। ਪੌਣ ਬਹੁਤੀ ਸਿੱਲ੍ਹੀ ਵੀ ਨਹੀਂ ਹੁੰਦੀ। ਅਸਮਾਨ ਸਾਫ਼ ਸੁਥਰਾ ਤੇ ਸੁਹਣਾ ਵਿਖਾਈ ਦੇ ਰਿਹਾ ਹੁੰਦਾ ਹੈ। ਮੀਂਹ, ਹਨ੍ਹੇਰੀ ਜਾਂ ਝੱਖੜ ਦਾ ਕੋਈ ਡਰ ਵੀ ਨਹੀਂ ਹੁੰਦਾ। ਨਿੱਘੀ ਨਿੱਘੀ ਧੁੱਪ ਵਿਚ



ਖੇਡਣ ਨੂੰ ਜੀਅ ਕਰਦਾ ਹੈ। ਪਤੰਗਬਾਜ਼ੀ ਨਾਲੋਂ ਹੋਰ ਸੁੰਦਰ ਖੇਡ ਕਿਹੜੀ ਹੋ ਸਕਦੀ ਹੈ ਪਰ ਇਹ ਖੇਡ ਛੱਤਾਂ ਉੱਪਰ ਨਹੀਂ ਸਗੋਂ ਬਾਹਰ ਪੱਧਰੇ ਖੇਤਾਂ ਤੇ ਮੈਦਾਨਾਂ ਵਿਚ ਖੇਡਣੀ ਚਾਹੀਦੀ ਹੈ। ਲੋਕ ਦੱਸਦੇ ਹਨ ਕਿਸੇ ਸਮੇਂ ਲਾਹੌਰ ਦੀ ਪਤੰਗਬਾਜ਼ੀ ਦੇਖਣ ਵਾਲੀ ਹੁੰਦੀ ਸੀ।



ਬਸੰਤ ਪੰਚਮੀ ਨੂੰ ਲੋਕ ਬਸੰਤੀ ਰੰਗੇ ਦੇ ਕਪੜੇ ਪਾ ਕੇ ਇਸ ਰੁੱਤ ਦਾ ਸੁਆਗਤ ਕਰਦੇ ਹਨ। ਬਸੰਤ ਫੁੱਲਾਂ ਵਰਗੇ ਬਸੰਤੀ ਲੋਕ। ਕੁਦਰਤ ਸੰਗ ਰਲ ਕੇ ਇਕ ਰੰਗ ਹੋ ਜਾਣਾ ਬੜੀ ਵਧੀਆ ਗੱਲ ਹੈ। ਫੁੱਲਾਂ ਵਰਗੇ ਬਣ ਕੇ ਲੋਕਾਂ ਖੁਸ਼ੀ ਤੇ ਮਹਿਕ ਵੰਡਣੀ ਕਿੰਨਾ ਉੱਤਮ ਗੁਣ ਹੈ।

ਜਦੋਂ ਕੁੜੀਆਂ ਬਸੰਤੀ ਚੁੰਨੀਆਂ ਲੈ ਕੇ ਸਰ੍ਹੋਂ ਦੇ ਖੇਤਾਂ ਵਿਚ ਸਾਗ ਤੋੜਨ ਲਈ ਨਿਕਲਦੀਆਂ ਹਨ ਤਾਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਸਰ੍ਹੋਂ ਦੇ ਬਸੰਤੀ ਫੁੱਲ ਤੁਰ ਰਹੇ ਹੋਣ। ਬਸੰਤੀ ਦੁਪੱਟੇ, ਬਸੰਤੀ ਪੱਗਾ, ਬਸੰਤੀ ਰੁਮਾਲ, ਬਸੰਤੀ ਟੋਪੀਆਂ ਜਾਂ ਬਸੰਤੀ ਪਟਕੇ–ਇਹ ਸਭ ਕੁਝ ਸਾਡੀ ਖੁਸ਼ੀ ਨੂੰ ਹੀ ਤਾਂ ਦਰਸਾਂਦੇ ਹਨ। ਜੀਅ ਕਰਦਾ ਹੈ ਕਿ ਇਸ ਰੁੱਤ ਵਿਚ ਅਸੀਂ ਵੀ ਹੱਸਦੀ ਤੇ ਮਹਿਕਦੀ ਕੁਦਰਤ ਵਰਗੇ ਹੀ ਬਣ ਜਾਈਏ।

ਘਰਾਂ ਵਿਚ ਬਸੰਤੀ ਚੌਲ, ਸਾਡੀ ਉਡੀਕ ਕਰ ਰਹੇ ਹੁੰਦੇ ਹਨ। ਜਿਧਰ ਜਾਓ ਬਸੰਤ ਵਰਗਾ ਦ੍ਰਿਸ਼ ਹੀ ਨਜ਼ਰ ਆਉਂਦਾ ਹੈ। ਇਹ ਕਿਹੋ ਜਿਹਾ ਸੁਲੱਖਣਾ ਤਿਉਹਾਰ ਹੈ ਜਦੋਂ ਅਸੀਂ ਬਸੰਤ ਹੀ ਹੰਢਾ ਰਹੇ ਤੇ ਬਸੰਤ ਹੀ ਖਾ ਰਹੇ ਹੁੰਦੇ ਹਾਂ।

ਬਸੰਤ ਪੰਚਮੀ ਬਦਲਦੀ ਰੁੱਤਾ ਦਾ ਤਿਉਹਾਰ ਵੀ ਹੈ। ਹਰੇ ਭਰੇ ਖੇਤ, ਨਿੱਘੀ ਅਤੇ ਫੁੱਲਾਂ ਨਾਲ ਮਹਿਕਦੇ ਪੌਦੇ ਸਾਨੂੰ ਵਾਜਾਂ ਮਾਰਦੇ ਹਨ....ਆਓ ਰੱਜ ਕੇ ਸੈਰ ਕਰੋ। ਇਸ ਰੁੱਤ ਵਿਚ ਸੈਰ ਕਰਨ ਨਾਲ ਸਿਹਤ ਬਹੁਤ ਚੰਗੀ ਰਹਿੰਦੀ ਹੈ। ਇਸ ਦਾ ਕਾਰਨ? ਇਸ ਰੁੱਤ ਵਿਚ ਪੌਣ ਸਾਫ਼, ਸਵੱਛ ਤੇ ਸੁਗੰਧਤ ਹੁੰਦੀ ਹੈ। ਸੁਹਾਣੀ ਰੁੱਤ ਵਿਚ ਪ੍ਰਸੰਨਤਾ ਮਿਲਦੀ ਹੈ। ਜਿਸ ਤਰ੍ਹਾਂ ਪੌਦਿਆਂ ਅੰਦਰ ਨਵਾਂ ਰਸ ਪੈਦਾ ਹੁੰਦਾ ਹੈ ਉਸੇ ਤਰ੍ਹਾਂ ਸਾਡੇ ਸਰੀਰ ਵਿਚ ਵੀ ਲਹੂ ਦਾ ਗੇੜ ਕੁਝ ਤੇਜ਼ ਹੋ ਜਾਂਦਾ ਹੈ। ਉਂਜ ਵੀ ਜਦੋਂ ਖ਼ੁਸ਼ੀ ਪ੍ਰਾਪਤ ਹੁੰਦੀ ਹੈ ਤਾਂ ਸਾਡਾ ਲਹੂ ਵਧਦਾ ਤੇ ਕੁਝ ਤੇਜ਼ ਦੌੜਦਾ ਹੈ। ਇਸ ਲਈ ਇਨ੍ਹਾਂ ਦਿਨਾਂ ਵਿਚ ਫੁੱਲਾਂ ਬੂਟਿਆਂ ਦੀ ਸ਼ੋਭਾ ਵੇਖਣੀ, ਹਰੀ ਹਰੀ ਘਾਹ ਉੱਪਰ ਫਿਰਨਾ, ਤਾਜ਼ੀ ਪੌਣ ਵਿਚ ਲੰਬੇ ਲੰਬੇ ਸਾਹ ਲੈਣਾ, ਖੇਤਾਂ ਵਿਚ ਘੁੰਮਣਾ ਸਿਹਤ ਲਈ ਬਹੁਤਾ ਚੰਗਾ ਸਿੱਧ ਹੁੰਦਾ ਹੈ।

ਪੰਜਾਬ ਵਿਚ ਇਹ ਤਿਉਹਾਰ ਮੌਸਮ ਅਤੇ ਸੂਰਬੀਰਤਾ ਨਾਲ ਜੁੜਿਆ ਹੋਇਆ ਹੈ। ਇਹ ਪੰਜਾਬੀਆਂ ਦੀ ਚੜ੍ਹਦੀ ਕਲਾ ਨੂੰ ਦਰਸਾਉਂਦਾ ਹੈ।

ਪੰਜਾਬ ਵਿਚ ਪਟਿਆਲਾ ਸ਼ਹਿਰ ਦੀ ਬਸੰਤ–ਪੰਚਮੀ ਬੜੀ ਪ੍ਰਸਿੱਧ ਹੈ। ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਲੋਕ ਦੂਰੋਂ ਦੂਰੋਂ ਇਸ਼ਨਾਨ ਕਰਨ ਲਈ ਪੁੱਜਦੇ ਹਨ।

ਲਾਹੌਰ (ਪਾਕਿਸਤਾਨ) ਤੋਂ ਉੱਜੜ–ਪੁੱਜੜ ਕੇ ਆਏ ਲੋਕਾਂ ਨੇ ਪਟਿਆਲੇ ਵਿਚ ਵੀ ਵੀਰ ਹਕੀਕਤ ਰਾਏ ਦੀ ਯਾਦਗਾਰ ਬਣਾ ਲਈ ਹੈ। ਕਹਿੰਦੇ ਨੇ ਉਨ੍ਹਾਂ ਲੋਕਾਂ ਨੇ ਲਾਹੌਰ ਤੋਂ ਹਕੀਕਤ ਰਾਏ ਦੀ ਸਮਾਧ ਤੋਂ ਕੁਝ ਮਿੱਟੀ ਤੇ ਕੁਝ ਇੱਟਾਂ ਲੈ ਆਂਦੀਆਂ ਸਨ। ਇਸ ਨਾਲ ਹੀ ਉਨ੍ਹਾਂ ਨੇ ਇਥੇ ਸਮਾਧ ਤੇ ਬੁੱਤ ਬਣਾ ਕੇ ਹਕੀਕਤ ਰਾਏ ਦਾ ਦਿਨ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਗੱਲ ਨੇ ਪਟਿਆਲੇ ਦੀ ਬਸੰਤ ਪੰਚਮੀ ਨੂੰ ਹੋਰ ਸ਼ਰਧਾ ਵਾਲਾ ਬਣਾ ਦਿੱਤਾ ਹੈ।

• • •

ਇੱਕ ਹੀ ਜ਼ਿੰਦਗੀ ਹੈ, ਪਰ ਜੇ ਤੁਸੀਂ ਇਸ ਨੂੰ ਚੰਗੀ ਤਰ੍ਹਾਂ ਜੀਓ ਤਾਂ ਇਕ ਹੀ ਕਾਫ਼ੀ ਹੈ।

ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਸੰਤ ਰੋਸ਼ਨ ਸਿੰਘ ਜੀ

ਸੰਤ ਰੋਸ਼ਨ ਸਿੰਘ ਜੀ ਦੇ ਪਿਤਾ ਜੀ ਨੇ ਹੋਤੀ ਮਰਦਾਨ ਡੇਰੇ ਦੀ ਅਤੇ ਮਹਾਂ ਪੁਰਖਾਂ ਦੀ ਬੜੀ ਸੇਵਾ ਕੀਤੀ। ਆਪ ਜੀ ਭੀ ਪਿਤਾ ਜੀ ਦੇ ਨਾਲ ਬਚਪਨ ਤੋਂ ਹੀ ਸੇਵਾ ਕਰਦੇ ਰਹੇ। ਇਨ੍ਹਾਂ ਦੇ ਪਿਤਾ ਦੀ ਕੁਰਬਾਨੀ ਅਤੇ ਇਨ੍ਹਾਂ ਦੀ ਕਈ ਸਾਲ ਸੇਵਾ ਨੂੰ ਮੁੱਖ ਰੱਖ ਕੇ ਸੰਤ ਬਾਬਾ ਮਾਝਾ ਸਿੰਘ ਜੀ ਨੇ ਸੰਤ ਰੋਸ਼ਨ ਸਿੰਘ ਹੋਰਾਂ ਨੂੰ ਆਪਣੇ ਹੁੰਦਿਆਂ ਹੀ (ਤਿੰਨ ਚਾਰ ਸਾਲ ਆਪਣੇ ਅਕਾਲ ਚਲਾਣੇ ਤੋਂ ਪਹਿਲੇ) ਆਪਣੇ ਅਸਥਾਨ ਦੇ ਜਾਂਨਸ਼ੀਨ ਨਿਯਤ ਕਰ ਦਿੱਤਾ ਤੇ ਸੰਤ ਰੋਸ਼ਨ ਸਿੰਘ ਜੀ ਨੇ ਡੇਰੇ ਦਾ ਪ੍ਰਬੰਧ ਅਤੇ ਸੇਵਾ ਸੰਭਾਲ ਲਈ। ਕੁੱਝ ਸਮੇਂ ਪਿਛੋਂ ਸੰਤ ਮਾਝਾ ਸਿੰਘ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਪਿਛੋਂ ਸੰਤ ਰੋਸ਼ਨ ਸਿੰਘ ਜੀ ਨੇ ਬਾਹਰ ਸਿੱਖੀ ਦਾ ਪ੍ਰਚਾਰ ਅਤੇ ਬਹੁਤ ਸਾਰੇ ਪਿੰਡਾਂ ਵਿਚ ਪਬਲਿਕ ਸਕੂਲ ਖੋਹਲ ਕੇ ਵਿਦਿਆ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਜਿਨ੍ਹਾਂ ਸਕੂਲਾਂ ਵਿਚ ਬੱਚੇ ਪੰਜਾਬੀ ਤੇ ਅੰਗਰੇਜ਼ੀ ਤੇ ਧਾਰਮਿਕ ਵਿਦਿਆ ਲੈ ਕੇ ਲਾਭ ਉਠਾ ਰਹੇ ਹਨ। ਸੰਤ ਬਾਬਾ ਮਾਝਾ ਸਿੰਘ ਜੀ ਦੇ ਸੇਵਕ ਸੰਤ ਹਜ਼ਾਰਾ ਸਿੰਘ ਜੀ ਨੂੰ ਖੇਤੀਬਾੜੀ ਅਤੇ ਲੰਗਰ ਦੀ ਸੇਵਾ ਤੇ ਨਿਯਤ ਕਰ ਦਿੱਤਾ। ਡੇਰੇ ਲੰਗਰ ਰਾਤ ਦਿਨ ਚੱਲਦਾ ਹੈ। ਹਰ ਐਤਵਾਰ ਸੰਗਤਾਂ ਦੀ ਬਹੁਤ ਭੀੜ ਹੋ ਜਾਂਦੀ ਹੈ। ਸੰਗਰਾਂਦ ਵਾਲੇ ਦਿਨ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੇਸ-ਪ੍ਰਦੇਸ਼ ਤੋਂ ਪਿੰਡਾਂ ਵਿੱਚੋਂ ਵਹੀਰਾਂ ਘੱਤ ਕੇ ਆਉਂਦੀਆਂ ਹਨ ਅਤੇ ਕਥਾ ਕੀਰਤਨ ਦਾ ਅਨੰਦ ਮਾਣ ਕੇ ਗਦ-ਗਦ ਹੁੰਦੀਆਂ ਹਨ। ਸੰਤ ਰੋਸ਼ਨ ਸਿੰਘ ਜੀ ਆਪ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ ਅਤੇ ਸੰਤ ਹਜ਼ਾਰਾ ਸਿੰਘ ਜੀ ਕਥਾ ਰਾਹੀਂ ਸੰਗਤਾਂ ਨੂੰ ਕਿਰਤਾਰਥ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜਾਤ ਸਮਾਉਣ ਦਾ ਗੁਰਪੁਰਬ ਬੜੇ ਵੱਡੇ ਪੈਮਾਨੇ ਤੇ ਮਨਾਇਆ ਜਾਂਦਾ ਹੈ।

ਸੰਤ ਬਾਬਾ ਮਾਝਾ ਸਿੰਘ ਜੀ ਦੀ ਬਰਸੀ ਭੀ ਬੜੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਰਾਗੀ, ਢਾਡੀ ਜਥੇ ਤੇ ਪ੍ਰਚਾਰਕ ਆਪਣੇ ਵਿਚਾਰ ਪ੍ਰਗਟ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ ਤੇ ਭਾਰੀ ਸ਼ਾਨਦਾਰ ਲੰਗਰ ਤਿਆਰ ਕਰਕੇ ਸੰਗਤਾਂ ਨੂੰ ਛਕਾਇਆ ਜਾਂਦਾ ਹੈ। ਇਸ ਵਕਤ ਹੋਤੀ ਮਰਦਾਨ ਦਾ ਇਹ ਡੇਰਾ ਬੜੀ ਚੜ੍ਹਦੀਆਂ ਕਲਾਂ ਵਿਚ ਚੱਲ ਰਿਹਾ ਹੈ। ਇਸ ਡੇਰੇ ਦੀ ਉੱਨਤੀ ਦੇ ਕੁੱਝ ਕਾਰਨ ਹਨ। ਇੱਕ ਤਾਂ ਲੰਗਰ ਹਰ ਵਕਤ ਚੱਲਦਾ ਹੈ। ਆਈ ਗਈ ਸੰਗਤ ਦੀ ਪ੍ਰਸ਼ਾਦੇ ਤੇ ਚਾਹ ਆਦਿ ਨਾਲ ਬੜੇ ਪਿਆਰ ਨਾਲ ਸੇਵਾ ਕੀਤੀ ਜਾਂਦੀ ਹੈ। ਦੂਜਾ, ਆਏ ਗਏ ਅਤਿਥੀ ਨੂੰ ਰਹਿਣ ਲਈ ਟਿਕਾਣਾ ਮਿਲਦਾ ਹੈ। ਤੀਜਾ, ਗੁਰਬਾਣੀ ਦਾ ਕੀਰਤਨ ਤੇ ਕਥਾ ਰੋਜ਼ ਹੁੰਦੀ ਹੈ, ਜਿਸ ਨੂੰ ਸੁਣ ਕੇ ਸੰਗਤਾਂ ਲਾਭ ਉਠਾਉਂਦੀਆਂ ਹਨ। ਚੌਥਾ, ਇਨ੍ਹਾਂ ਦੋਹਾਂ ਮਹਾਂਪੁਰਸ਼ਾਂ ਦਾ ਆਪਸ ਵਿਚ ਪਿਆਰ, ਇਹ ਚਾਰ ਵੱਡੇ ਕਾਰਨ ਹਨ ਇਸ ਡੇਰੇ ਦੀ ਤਰੱਕੀ ਦੇ। ਗੁਰੂ ਕਿਰਪਾ ਕਰੇ ਜੇਕਰ ਇਹ ਚਾਰੇ ਗੱਲਾਂ ਕਾਇਮ ਰਹੀਆਂ ਤਾਂ ਫਿਰ ਇਸ ਪਵਿੱਤਰ ਅਸਥਾਨ ਦੀ ਚੌਗੁਣੀ ਸ਼ੋਭਾ ਵਧੇਗੀ। ਮੇਰੇ ਦੇਖਣ ਵਿਚ ਹੀ ਜਿਨ੍ਹਾਂ ਡੇਰਿਆਂ ਵਿਚ ਉਪਰੋਕਤ ਗੱਲਾਂ ਨਹੀਂ ਰਹੀਆਂ ਉਹ ਖਤਮ ਹੋ ਗਏ ਹਨ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਜੋ ਬਾਬਾ ਮੱਖਣ ਸ਼ਾਹ ਦੀ ਯਾਦ ਵਿਚ ਬੁੰਗਾ ਬਣਾਇਆ ਸੀ, ਜਿਸ ਦੀ ਬੜੀ ਖਸਤਾ ਹਾਲਤ ਹੋ ਗਈ ਸੀ, ਉਹ ਭੀ ਸੰਤ ਰੋਸ਼ਨ ਸਿੰਘ ਜੀ ਨੇ ਨਵੇਂ ਸਿਰਿਉਂ ਸਾਰਾ ਬਣਾ ਦਿੱਤਾ ਹੈ। ਇੱਥੇ ਇੱਕ ਪਬਲਿਕ ਸਕੂਲ ਵੀ ਖੋਹਲ ਦਿੱਤਾ ਹੈ-ਨਡਾਲੇ ਦਾ ਕਾਲਜ ਅਤੇ ਬੇਗੋਵਾਲ ਕਾਲਜ ਬਨਾਉਣ ਵਿਚ ਭੀ ਆਪ ਜੀ ਦਾ ਵਿਸ਼ੇਸ਼ ਹਿੱਸਾ ਹੈ। ਪਤਾ ਲੱਗਾ ਹੈ ਕਿ ਮਿਆਣੀ ਪਠਾਨਾਂ ਵਿਚ ਇਕ ਕੁੜੀਆਂ ਦਾ ਕਾਲਜ ਭੀ ਆਪ ਜੀ ਨੇ ਖੋਹਲ ਦਿੱਤਾ ਹੈ। ਇਸ ਤਰ੍ਹਾਂ ਆਪ ਜੀ ਨੇ ਭੁਲੱਥ ਦੇ ਇਲਾਕੇ ਵਿਚ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਵਿਚ ਸਕੂਲ ਖੋਹਲ ਕੇ ਵਿਦਿਆ ਦੀ ਇੱਕ ਭਾਰੀ ਲਹਿਰ ਚਲਾ ਦਿੱਤੀ ਹੈ ਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਮਿਸ਼ਨ ਵਿਚ ਭਾਰੀ ਵਾਧਾ ਕੀਤਾ ਹੈ।

ਆਸ ਹੈ ਇਲਾਕਾ ਨਿਵਾਸੀ ਸੰਗਤਾਂ ਇਨ੍ਹਾਂ ਸਕੂਲਾਂ-ਕਾਲਜਾਂ ਵਿਚ ਆਪਣੇ ਬੱਚਿਆਂ ਨੂੰ ਭੇਜ ਕੇ ਇਨ੍ਹਾਂ ਤੋਂ ਵਿਦਿਆ ਲੈ ਕੇ ਪੂਰਾ ਲਾਭ ਉਠਾਉਣਗੀਆਂ। ਸੰਤ ਰੋਸ਼ਨ ਸਿੰਘ ਹੋਰਾਂ ਦੀ ਕੀਤੀ ਮੇਹਨਤ ਨੂੰ ਸਫਲ ਬਨਾਉਣਗੀਆਂ।

ਚਲਦਾ

ਮਾਂ ਦੀ ਹਰ ਲੋੜ ਨੂੰ ਠੁਕਰਾਅ ਕੇ ਅਤੇ ਪਿਤਾ ਨੂੰ ਨਜ਼ਰਅੰਦਾਜ਼ ਕਰਕੇ, ਜੋ ਮਨੁੱਖ ਦਾਨ ਪੁੰਨ ਕਰਦਾ ਹੈ, ਉਹ ਦਾਨੀ ਨਹੀਂ ਬੇਈਮਾਨ ਹੈ।

ਸਚੁ ਸੁਣਾਇਸੀ ਸੱਚ ਕੀ ਬੇਲਾ



ਸੁਰਿੰਦਰ ਸਿੰਘ ਰੂਬੀ
ਸੰਪਾਦਕ

(1) ਯੂਕਰੇਨ-ਰੂਸ ਯੁੱਧ ਦੇ ਖਤਮ ਹੋਣ ਦੀਆਂ ਸੰਭਾਵਨਾਵਾਂ ਵਧੀਆਂ। ਰਾਸ਼ਟਰਪਤੀ ਟਰੰਪ ਨੇ ਰਾਸ਼ਟਰਪਤੀ ਪੁਤਿਨ ਤੇ ਰਾਸ਼ਟਰਪਤੀ ਜੈਲੰਸਕੀ ਨਾਲ ਕੀਤੀ ਫ਼ੋਨ ਤੇ ਲੰਮੀ ਗੱਲਬਾਤ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਦੂਜੇ



ਵਿਸ਼ਵ ਯੁੱਧ ਤੋਂ ਬਾਅਦ ਦੇ ਸਭ ਤੋਂ ਘਾਤਕ ਯੁੱਧ ਦਾ ਛੇਤੀ ਹੀ ਅੰਤ ਹੋਣ ਜਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਯੂਕਰੇਨੀ ਰਾਸ਼ਟਰਪਤੀ ਜੈਲੰਸਕੀ ਵਿਚ ਫਲੋਰੀਡਾ ਦੇ ਮਾਰੇ-ਏ-ਲਾਗੋ ਵਿਚ ਹੋਈ। ਇਤਿਹਾਸਕ ਮੁਲਾਕਾਤ ਤੋਂ ਬਾਅਦ ਯੂਕਰੇਨ-ਰੂਸ ਯੁੱਧ ਦੇ ਖਤਮ ਹੋਣ ਦੀਆਂ ਉਮੀਦਾਂ ਜਾਗੀਆਂ ਹਨ। ਟਰੰਪ ਨੇ ਦਾਅਵਾ ਕੀਤਾ ਹੈ ਕਿ ਉਹ ਇਕ ਸ਼ਾਂਤੀ ਸਮਝੌਤੇ ਦੇ ਨਜ਼ਦੀਕ ਪਹੁੰਚ ਚੁੱਕੇ ਹਨ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਜੈਲੰਸਕੀ ਨਾਲ ਮੁਲਾਕਾਤ ਤੋਂ ਇਲਾਵਾ ਉਹਨਾਂ ਦੀ ਰਾਸ਼ਟਰਪਤੀ ਪੁਤਿਨ ਨਾਲ ਫ਼ੋਨ ਤੇ ਲਗਭਗ ਦੋ ਘੰਟੇ ਲੰਮੀ ਗੱਲਬਾਤ ਹੋਈ ਹੈ। ਮੁਲਾਕਾਤ ਦੌਰਾਨ ਦੋਨਾਂ ਪ੍ਰਮੁੱਖ ਨੇਤਾਵਾਂ ਨੇ ਯੂਰਪੀਅਨ ਯੂਨੀਅਨ ਦੇ ਪ੍ਰਮੁੱਖ ਨੇਤਾਵਾਂ ਨਾਲ ਵੀ ਗੱਲਬਾਤ ਕੀਤੀ। ਇਸ ਵਿਚ ਜਰਮਨੀ, ਇਟਲੀ, ਫਰਾਂਸ, ਪੋਲੈਂਡ, ਫਿਨਲੈਂਡ ਅਤੇ ਨਾਰਵੇ ਦੇ ਲੀਡਰ ਵੀ ਸ਼ਾਮਲ ਸਨ। ਉਹਨਾਂ ਨੇਤਾਵਾਂ ਤੋਂ ਇਲਾਵਾ ਇਸ ਗੱਲਬਾਤ ਵਿਚ ਨਾਟੋ ਦੇ ਸਕੱਤਰ ਜਨਰਲ ਵੀ ਸ਼ਾਮਲ ਸਨ। ਸਾਰੇ ਦੇਸ਼ ਇਹ ਨਿਆਂਪੂਰਨ ਅਤੇ ਸਥਾਈ ਸ਼ਾਂਤੀ ਲਈ ਠੋਸ ਕਦਮ ਚੁੱਕਣ ਲਈ ਸਹਿਮਤ ਹੋਏ ਹਨ। ਰਾਸ਼ਟਰਪਤੀ ਟਰੰਪ ਦੇ ਅਨੁਸਾਰ ਦੋਹਾਂ ਦੇਸ਼ਾਂ ਦੇ ਜ਼ਮੀਨੀ ਹੱਕ ਅਤੇ ਪੂਰਬੀ ਫੋਨਬੱਸ ਵਰਗੇ ਸੰਵੇਦਨਸ਼ੀਲ ਮੁੱਦੇ ਵੀ ਭਾਵੇਂ ਅਣਸੁਲਝੇ ਹਨ ਪ੍ਰੰਤੂ ਹਾਲ ਦੀ ਘੜੀ ਜੰਗ ਰੋਕਣਾ ਦੋਹਾਂ ਧਿਰਾਂ ਦੇ ਲਈ ਬਿਹਤਰ ਹੋਵੇਗਾ। ਰਾਸ਼ਟਰਪਤੀ ਜੈਲੰਸਕੀ ਨੇ ਮੰਨਿਆ ਕਿ 90% ਸਮਝੌਤਾ ਤਿਆਰ ਹੋ ਚੁੱਕਾ ਹੈ, ਉਹਨਾਂ ਨੇ ਇਸ ਮੁਲਾਕਾਤ ਨੂੰ ਬਹੁਤ ਸਾਰਥਕ ਮੰਨਿਆ ਹੈ। ਉਹਨਾਂ ਅਨੁਸਾਰ 90% ਸਹਿਮਤੀ ਬਣ ਚੁੱਕੀ ਹੈ। ਫੌਜੀ ਮੁੱਦਿਆਂ ਤੇ ਵੀ ਪੂਰੀ ਤਰ੍ਹਾਂ ਸਮਝੌਤਾ ਹੋ ਚੁੱਕਾ ਹੈ। ਟਰੰਪ ਨੇ ਸਪੱਸ਼ਟ ਕੀਤਾ ਕਿ ਜੰਗ ਖਤਮ ਕਰਨ ਲਈ ਕੋਈ ਸਖ਼ਤ ਸਮਾਂ ਸੀਮਾ ਨਹੀਂ ਰੱਖੀ ਗਈ ਹੈ, ਸਾਰਾ ਧਿਆਨ ਸਥਾਈ ਤੇ ਸਹੀ ਹੱਲ ਲੱਭਣ ਤੇ ਜ਼ੋਰ ਦੇਣ ਦਾ ਹੈ। ਇਸ ਸਮਝੌਤੇ ਦੇ ਸਹੀਬੱਧ ਹੋਣ ਤੱਕ ਰੂਸੀ ਅਤੇ ਯੂਰਪੀਅਨ ਨੇਤਾਵਾਂ ਨਾਲ ਗੱਲਬਾਤ ਜਾਰੀ ਰਹੇਗੀ।

(2) ਪੰਜਾਬ ਵਿਚ ਕਾਨੂੰਨ ਵਿਵਸਥਾ ਦੀ ਹਾਲਤ ਹੋਰ ਵਿਗੜੀ। ਦੋ ਦਿਨਾਂ ਵਿਚ ਸ਼ਰੇਆਮ ਦੋ ਹੱਤਿਆਵਾਂ



ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਸੂਬੇ ਦੀ ਅਮਨ ਕਾਨੂੰਨ ਦੀ ਹਾਲਤ ਸੰਭਲ ਨਹੀਂ ਰਹੀ। ਨਿੱਤ ਰੋਜ਼ ਨਵੇਂ-ਨਵੇਂ ਕਤਲ, ਫਿਰੌਤੀ ਅਤੇ ਗੋਲੀਆਂ ਚਲਣ ਦੀਆਂ ਘਟਨਾਵਾਂ ਬੰਦ ਹੋਣ ਦਾ ਨਾਮ ਨਹੀਂ ਹੋ ਰਹੀਆਂ। ਪਿਛਲੇ ਦੋ ਦਿਨਾਂ ਵਿਚ ਇਕ ਮੋਗਾ ਜ਼ਿਲ੍ਹੇ ਦੇ ਭਿੰਡਰ ਕਲਾਂ ਪਿੰਡ ਵਿਚ ਕਾਂਗਰਸੀ ਨੇਤਾ ਦਾ ਸ਼ਰੇਆਮ ਕਤਲ ਅਤੇ ਦੂਜਾ ਖੁਦ ਆਮ ਆਦਮੀ ਪਾਰਟੀ ਦੇ ਸਥਾਨਕ ਨੇਤਾ ਤੇ ਪਿੰਡ ਵਲਟੋਹਾ ਸੰਧੂਆਂ ਦੇ ਮੌਜੂਦਾ ਸਰਪੰਚ ਦਾ ਇਕ ਵਿਆਹ ਸਮਾਗਮ ਵਿਚ ਕੁਝ ਬਦਮਾਸ਼ਾਂ ਵੱਲੋਂ ਨੇੜੇ ਤੋਂ ਗੋਲੀਆਂ ਚਲਾ ਕੇ ਕੀਤਾ ਗਿਆ ਕਤਲ ਸੂਬੇ ਦੀ ਕਾਨੂੰਨ ਵਿਵਸਥਾ ਤੇ ਸਰਕਾਰੀ ਜੰਤਰ ਦਾ ਕੋਈ ਕੁੰਡਾ ਨਾ ਹੋਣ ਦੀ ਗਵਾਹੀ ਭਰਦੀਆਂ ਘਟਨਾਵਾਂ ਹਨ। ਇਸ ਸਰਪੰਚ ਨੂੰ ਫਿਰੌਤੀ ਲਈ ਮਿਲੀਆਂ ਲਗਾਤਾਰ ਧਮਕੀਆਂ ਵੀ ਸਥਾਨਕ ਪੁਲਿਸ ਪ੍ਰਸਾਸ਼ਨ ਦੇ ਧਿਆਨ ਵਿਚ ਹੋਣ ਦੇ ਬਾਵਜੂਦ ਬਦਮਾਸ਼ਾਂ ਦੀ ਮੰਗ ਨਾ ਪੂਰੀ ਕਰਨ ਕਾਰਨ ਸਰਪੰਚ ਨੂੰ ਸ਼ਰੇਆਮ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਇੰਜ ਜਾਪਦਾ ਹੈ ਕਿ ਸਰਕਾਰ ਅਤੇ ਪੁਲਿਸ ਦੇ ਹੱਥੋਂ ਹਾਲਾਤ ਪੂਰੀ ਤਰ੍ਹਾਂ ਖਿਸਕ ਚੁੱਕੇ ਹਨ ਤੇ ਬਦਮਾਸ਼ਾਂ ਅਤੇ ਕਾਤਲਾਂ ਦਾ ਸੂਬੇ ਵਿਚ ਪੂਰਾ ਦਬਦਬਾ ਪੈਦਾ ਹੋ ਗਿਆ ਹੈ। ਉਹ ਆਪਣੀ ਮਰਜ਼ੀ ਦੀ ਥਾਂ ਤੇ ਆਪਣੀ ਮਰਜ਼ੀ ਮੁਤਾਬਕ ਆਪਣੇ

ਘਿਨਾਉਣੇ ਮਿਸ਼ਨ ਵਿਚ ਕਾਮਯਾਬ ਹੋ ਰਹੇ ਹਨ। ਇਹ ਹਾਲਾਤ ਪੁਲਿਸ ਪ੍ਰਸਾਸ਼ਨ ਅਤੇ ਸਰਕਾਰ ਦਾ ਫੋਰੀ ਧਿਆਨ ਮੰਗਦੇ ਹਨ। ਆਮ ਸ਼ਹਿਰੀ ਦੀ ਸੁਰੱਖਿਆ ਨੂੰ ਕਾਇਮ ਰੱਖਣਾ ਸਰਕਾਰ ਦੇ ਮੁੱਖ ਫਰਜ਼ਾਂ ਵਿਚੋਂ ਹੈ ਜਿਸ ਤੇ ਹਾਲ ਦੀ ਘੜੀ ਸਰਕਾਰ ਬੁਰੀ ਤਰ੍ਹਾਂ ਫੇਲ ਹੁੰਦੀ ਨਜ਼ਰ ਆ ਰਹੀ ਹੈ।

(3) ਵੈਨੇਜ਼ੁਏਲਾ ਦੇਸ਼ ਤੇ ਹਮਲਾ ਟਰੰਪ ਦੀ ਬਦਮਾਸ਼ੀ ਰਾਸ਼ਟਰਪਤੀ ਨਿਕਲੋਸ ਤੇ ਉਸ ਦੀ ਪਤਨੀ ਨੂੰ ਸੁੱਤਿਆਂ ਨੂੰ ਉਠਾ ਕੇ ਹੱਥਕੜੀਆਂ ਲਗਾ ਕੇ ਨਿਊਯਾਰਕ ਲੈ ਗਈ ਅਮਰੀਕੀ ਫੌਜ



ਇਕ ਪ੍ਰਭੂਸਤਾ ਸੰਪੰਨ ਆਜ਼ਾਦ ਦੇਸ਼ ਦੇ ਚੁਣੇ ਹੋਏ ਰਾਸ਼ਟਰਪਤੀ ਨਿਕਲੋਸ ਮਾਦੁਰੋ ਅਤੇ ਉਸ ਦੀ ਪਤਨੀ ਨੂੰ ਅਮਰੀਕੀ ਫੌਜ ਨੇ ਉਥੋਂ ਦੀ ਰਾਜਧਾਨੀ ਕਾਰਾਕੌਸ ਤੋਂ ਰਾਤ ਵੇਲੇ ਹਮਲਾ ਕਰਕੇ ਹਿਰਾਸਤ ਵਿਚ ਹੀ ਨਹੀਂ ਲਿਆ ਸਗੋਂ ਉਹਨਾਂ ਨੂੰ ਅਮਰੀਕੀ ਸ਼ਹਿਰ ਨਿਊਯਾਰਕ ਵਿਚ ਲਿਜਾ ਕੇ ਉਥੋਂ ਦੀ ਬਰੂਕਲਿਨ ਦੀ ਬਦਨਾਮ ਜੇਲ ਵਿਚ ਕੈਦ ਕਰ ਲਿਆ ਹੈ। ਵਿਸ਼ਵ ਭਰ ਵਿਚ ਅਮਰੀਕੀ ਫੌਜ ਤੇ ਰਾਸ਼ਟਰਪਤੀ ਟਰੰਪ ਦੀ ਇਸ ਅਲੋਕਤੰਤਰਿਕ ਅਤੇ ਵਹਿਸ਼ੀ ਕਾਰਵਾਈ ਦੀ ਚਰਚਾ ਜ਼ੋਰਾਂ ਤੇ ਹੈ। ਰਾਸ਼ਟਰਪਤੀ ਨਿਕਲੋਸ ਤੇ ਟਰੰਪ ਨੇ ਅਮਰੀਕਾ ਵਿਚ ਨਸ਼ਾ ਸਪਲਾਈ ਅਤੇ ਗੰਭੀਰ ਹਥਿਆਰ ਰੱਖਣ ਦਾ ਇਲਜ਼ਾਮ ਲਗਾਇਆ ਹੈ। ਵਿਸ਼ਵ ਪੱਧਰ ਤੇ ਇਸ ਕਾਰਵਾਈ ਤੇ ਮਿਲਦਾ ਜ਼ੁਲਮ ਪ੍ਰਤੀਕਰਮ ਸਾਹਮਣੇ ਆਇਆ ਹੈ। ਖੱਬੇ ਪੱਖੀ ਦੇਸ਼ਾਂ ਨੇ ਰਾਸ਼ਟਰਪਤੀ ਨਿਕਲੋਸ ਮਾਦੁਰੋ ਤੇ ਉਸ ਦੀ ਪਤਨੀ ਸੀਲੀਆ ਫਲੋਰੇਸ ਦੇ ਅਪਹਰਣ ਦੀ ਸਖ਼ਤ ਲਫ਼ਜ਼ਾਂ ਵਿਚ ਨਿੰਦਾ ਕੀਤੀ ਹੈ। ਰਾਸ਼ਟਰਪਤੀ ਟਰੰਪ ਪਿਛਲੇ ਕਾਫੀ ਸਮੇਂ ਤੋਂ ਵੈਨੇਜ਼ੁਏਲਾ ਦੀ ਲੀਡਰਸ਼ਿਪ ਤੇ ਗਾਹੇ ਬਗਾਹੇ ਇਸ ਤਰ੍ਹਾਂ ਦੇ ਇਲਜ਼ਾਮ ਵਾਰ-ਵਾਰ ਦੁਹਰਾ ਰਹੇ ਸਨ। ਉਥੋਂ ਦੀ ਵਿਰੋਧੀ ਧਿਰ ਦੀ ਨੇਤਾ ਮਾਰੀਅਮ ਮਾਛੋਡੋ ਨੂੰ ਪਿਛਲੇ ਸਾਲ ਦਾ ਨੋਬਲ ਸ਼ਾਂਤੀ ਪੁਰਸਕਾਰ ਮਿਲਣਾ ਵੀ ਅਮਰੀਕੀ ਸਾਜ਼ਿਸ਼ ਦੀ ਹੀ ਨੀਤੀ ਲੱਗਦੀ ਹੈ। ਨੋਬਲ ਇਨਾਮ ਜੇਤੂ ਨੇ ਅਮਰੀਕੀ ਰਾਸ਼ਟਰਪਤੀ ਦਾ ਧੰਨਵਾਦ ਕਰਦਿਆਂ ਹੋਇਆਂ ਵੈਨੇਜ਼ੁਏਲਾ ਦੀ ਸਰਕਾਰ ਬਦਲਣ ਲਈ ਅਮਰੀਕਾ ਰਾਸ਼ਟਰਪਤੀ ਦੀ ਸ਼ਰੇਆਮ ਸਹਾਇਤਾ ਦੀ ਮੰਗ ਕੀਤੀ ਸੀ।

ਆਉਣ ਵਾਲੇ ਸਮੇਂ ਵਿਚ ਇਸ ਘਟਨਾ ਤੇ ਵਿਸ਼ਵ ਭਰ ਵਿਚ ਕਰਮ ਅਤੇ ਪ੍ਰਤੀਕਰਮ ਭਾਵੇਂ ਵੱਖਰੇ-ਵੱਖਰੇ ਹੋਣਗੇ ਪ੍ਰੰਤੂ ਕਿਸੇ ਆਜ਼ਾਦ ਦੇਸ਼ ਦੇ ਚੁਣੇ ਹੋਏ ਰਾਸ਼ਟਰ ਪ੍ਰਮੁੱਖ ਨੂੰ ਹਮਲਾ ਕਰਕੇ ਰਾਤੋ ਰਾਤ ਚੱਕ ਕੇ ਆਪਣੀ ਹਿਰਾਸਤ ਵਿਚ, ਆਪਣੇ ਦੇਸ਼ ਲਿਆ ਕੇ ਕੈਦ ਕਰ ਲੈਣਾ ਧੱਕਾਜ਼ੋਰੀ ਅਤੇ ਬਦਮਾਸ਼ੀ ਹੀ ਕਹੀ ਜਾ ਸਕਦੀ ਹੈ।

● ● ●

ਖੁਸ਼ਖ਼ਬਰੀ

ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।

● ● ●

ਹਜ਼ਾਰਾਂ ਹੱਥਾਂ ਦੀਆਂ ਤਾੜੀਆਂ ਮਾਇਨੇ ਨਹੀਂ ਰੱਖਦੀਆਂ, ਮਾਇਨੇ ਰੱਖਦਾ ਹੈ ਉਹ ਹੱਥ ਜੋ ਮੁਸੀਬਤ ਵੇਲੇ ਤੁਹਾਡੇ ਮੋਢੇ 'ਤੇ ਹੁੰਦਾ ਹੈ।

ਬਾਵਾ ਨਿਰੰਜਨ ਸਿੰਘ ਮਿਆਣੀ ਨੂੰ ਯਾਦ ਕਰਦਿਆਂ ...!

ਅਮਰਜੀਤ ਸਿੰਘ ਮੁਲਤਾਨੀ
multainny@gmial.com

ਇਹ ਘਟਨਾ ਤਕਰੀਬਨ 54 ਸਾਲ ਪੁਰਾਣੀ ਏ, ਜਿਸ ਦੇ ਮੁੱਖ ਪਾਤਰ ਸਵਰਗੀ ਬਾਵਾ ਨਿਰੰਜਨ ਸਿੰਘ ਮਿਆਣੀ ਹਨ, ਜਿਨ੍ਹਾਂ ਨੇ ਕਿਸੇ ਫਿਲਮ ਦੇ ਉਪਕਾਰੀ ਕਿਰਦਾਰ ਵਾਂਗ ਆਪਣੇ ਜੀਵਨ ਵਿਚ ਆਰਜ਼ੀ ਤੌਰ 'ਤੇ ਮਿਲੇ ਇਕ ਸਾਧਾਰਨ ਕਿਰਦਾਰ ਨੂੰ ਜ਼ਿੰਦਗੀ ਦਾ ਅਹਿਮ ਪੜਾਅ ਪਾਰ ਕਰਨ ਵਿਚ ਮੁੱਖ ਭੂਮਿਕਾ ਨਿਭਾਈ। ਮੈਂ ਬਹੁਤ ਵਾਰ ਇਸ ਘਟਨਾ ਬਾਰੇ ਲਿਖਣਾ ਚਾਹਿਆ, ਪਰ ਹਰ ਵਾਰ ਘੋਲ ਕਰ ਲੈਂਦਾ। ਪਿਛਲੇ ਦਿਨੀਂ ਸਬੱਬੀ ਮੇਰੀ ਮੁਲਾਕਾਤ ਬਾਬੂ ਜੋਗਿੰਦਰ ਸਿੰਘ ਮਿਆਣੀ ਨਾਲ ਹੋਈ, ਜਿਨ੍ਹਾਂ ਦੇ ਪਿਤਾ ਬਾਬੂ ਬੂਤ ਸਿੰਘ ਨਾਲ ਬਾਵਾ ਜੀ ਦੀ ਰਿਸ਼ਤੇਦਾਰੀ ਅਤੇ ਗੂੜ੍ਹੀ ਮਿੱਤਰਤਾ ਸੀ। ਬਾਵਾ ਨਿਰੰਜਨ ਸਿੰਘ ਬਾਰੇ ਬਹੁਤ ਗੱਲਾਂ ਹੋਈਆਂ, ਤੇ ਉਨ੍ਹਾਂ ਮੈਨੂੰ ਅੱਧੀ ਸਦੀ ਤੋਂ ਵੱਧ ਸਮਾਂ ਪਹਿਲਾਂ ਇੱਕ ਹੈਂਡ ਮਾਸਟਰ ਵੱਲੋਂ ਆਪਣੇ ਆਮ ਜਿਹੇ ਵਿਦਿਆਰਥੀ ਨਾਲ ਅਚਨਚੇਤ ਕੀਤੇ ਵਅਦੇ ਨੂੰ ਨਿਭਾਉਣ ਲਈ ਵਿਖਾਈ ਸੰਜੀਦਗੀ ਵਾਲੀ ਇਸ ਅਨੋਖੀ ਘਟਨਾ ਬਾਰੇ ਲਿਖਣ ਲਈ ਪ੍ਰੇਰਿਆ।

ਮੈਂ ਆਪਣੀ ਨੌਵੀਂ ਜਮਾਤ ਤੱਕ ਦੀ ਪੜ੍ਹਾਈ ਟਾਂਡਾ ਉਡਮੜ ਦੇ ਸਰਕਾਰੀ ਸੀਨੀਅਰ ਹਾਇਰ ਸੈਕੰਡਰੀ ਸਕੂਲ ਤੋਂ ਪਾਸ ਕੀਤੀ। ਇੱਥੇ ਮੇਰੀ ਪੜ੍ਹਾਈ ਦਾ ਮੀਡੀਅਮ ਹਿੰਦੀ ਸੀ, ਕਿਉਂਕਿ ਮੇਰੀ ਮੁਢਲੀ ਸਿੱਖਿਆ ਕਲਕੱਤੇ ਹਿੰਦੀ ਮੀਡੀਅਮ ਸਕੂਲਾਂ ਵਿਚ ਹੋਈ ਸੀ। ਪਰ ਦਸਵੀਂ ਜਮਾਤ ਮੈਂ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ, ਬੇਗੋਵਾਲ ਤੋਂ ਪੰਜਾਬੀ ਮੀਡੀਅਮ ਨਾਲ ਕੀਤੀ। ਇੱਥੇ ਮੇਰੇ ਕਲਾਸ ਇੰਚਾਰਜ ਗਿਆਨੀ ਮਾਨ ਸਿੰਘ ਨੌਰੰਗਪੁਰ ਸਨ, ਜੋ ਸਾਡੇ ਪੰਜਾਬੀ ਅਧਿਆਪਕ ਵੀ ਸਨ। ਸਾਡੇ ਹੈਂਡ ਮਾਸਟਰ ਬਾਵਾ ਨਿਰੰਜਨ ਸਿੰਘ ਵੱਡੀ ਮਿਆਣੀ ਸਨ। ਉਹ ਹੈਂਡ ਮਾਸਟਰ ਹੋਣ ਦੇ ਨਾਲ-ਨਾਲ ਦਸਵੀਂ ਕਲਾਸ ਦੇ ਸਾਰੇ ਸੈਕਸ਼ਨਾਂ ਨੂੰ ਹਿਸਾਬ ਵੀ ਪੜ੍ਹਾਉਂਦੇ ਸਨ। ਹਿਸਾਬ ਵਿਚ ਮੈਂ ਮੁਢ ਤੋਂ ਹੀ ਕਮਜ਼ੋਰ ਸੀ। ਪਰ ਜਿਵੇਂ ਕਿਵੇਂ ਕਰ ਕੇ ਦਸਵੀਂ ਜਮਾਤ ਤੱਕ ਪਹੁੰਚ ਗਿਆ ਸਾਂ। ਚਿੰਤਾ ਜ਼ਰੂਰ ਸੀ ਕਿ ਦਸਵੀਂ ਵਿਚ ਹਿਸਾਬ ਦਾ ਕੀ ਬਣੂੰ? ਮੈਂ ਇੰਗਲਿਸ਼, ਪੰਜਾਬੀ, ਸੋਸ਼ਲ ਸਟੱਡੀ, ਡ੍ਰਾਇੰਗ, ਆਦਿ ਵਿਸ਼ਿਆਂ ਵਿਚ ਕਾਫ਼ੀ ਚੰਗਾ ਸੀ।

ਸਾਡੇ ਸਕੂਲ ਵਿਚ ਸਾਲਾਨਾ ਤਿਮਾਹੀ ਪ੍ਰੀਖਿਆ ਦੇ ਨਤੀਜਿਆਂ ਦੇ ਆਧਾਰ 'ਤੇ ਬੋਰਡ 'ਚ ਦਾਖਲਾ ਭੇਜਿਆ ਜਾਂਦਾ ਸੀ। ਉਹ ਦਿਨ ਵੀ ਆ ਗਿਆ ਜਦੋਂ ਦਸਵੀਂ ਜਮਾਤ ਦੀ ਬੋਰਡ ਪ੍ਰੀਖਿਆ ਲਈ ਦਾਖਲੇ ਭੇਜੇ ਜਾਣੇ ਸਨ। ਉਨ੍ਹਾਂ ਦਿਨਾਂ ਵਿਚ ਦਾਖਲੇ ਭੇਜਣ ਤੋਂ ਪਹਿਲਾਂ ਦਸਵੀਂ ਦੇ ਸਾਰੇ ਸੈਕਸ਼ਨਾਂ ਦੇ ਵਿਦਿਆਰਥੀਆਂ ਨੂੰ ਇਕ ਥਾਂ ਇਕੱਠਾ ਕਰ ਲਿਆ ਜਾਂਦਾ ਸੀ। ਸਾਰੇ ਸੈਕਸ਼ਨਾਂ ਦੇ ਇੰਚਾਰਜ, ਵੱਖ-ਵੱਖ ਵਿਸ਼ਿਆਂ ਦੇ ਅਧਿਆਪਕ ਅਤੇ ਬਾਵਾ ਨਿਰੰਜਨ ਸਿੰਘ ਬਤੌਰ ਹੈਂਡ ਮਾਸਟਰ ਮੀਟਿੰਗ ਵਿਚ ਸ਼ਾਮਲ ਹੁੰਦੇ ਸਨ। ਫਿਰ ਸਾਰੇ ਸੈਕਸ਼ਨਾਂ ਦੇ ਵਿਦਿਆਰਥੀਆਂ ਨੂੰ ਇੱਕ-ਇੱਕ ਕਰ ਕੇ ਬੁਲਾਇਆ ਜਾਂਦਾ ਸੀ। ਸੈਕਸ਼ਨ ਦਾ ਇੰਚਾਰਜ ਪਹਿਲਾਂ ਤਿਮਾਹੀ ਪ੍ਰੀਖਿਆ ਵਿਚ ਪ੍ਰਾਪਤ ਨੰਬਰ ਦੱਸਦਾ, ਫਿਰ ਉਹ ਵਿਦਿਆਰਥੀ ਜੇਕਰ ਕਿਸੇ ਵਿਸ਼ੇ ਵਿਚ ਘੱਟ ਨੰਬਰ ਪ੍ਰਾਪਤ ਕਰਦਾ ਤਾਂ ਉਸ ਵਿਸ਼ੇ ਦੇ ਅਧਿਆਪਕ ਤੋਂ ਸਲਾਹ ਲਈ ਜਾਂਦੀ ਕਿ ਇਸਦਾ ਦਾਖਲਾ ਭੇਜਿਆ ਜਾਵੇ ਜਾਂ ਨਾ? ਆਮ ਤੌਰ 'ਤੇ ਅਧਿਆਪਕ ਦਾਖਲਾ ਭੇਜਣ ਦੀ ਹਾਮੀ ਭਰ ਹੀ ਦਿੰਦੇ ਸਨ।

ਦਾਖਲੇ ਭੇਜਣ ਦੀ ਪ੍ਰਕਿਰਿਆ ਚੱਲ ਰਹੀ ਸੀ। ਜਦੋਂ ਮੇਰੀ ਵਾਰੀ ਆਈ ਤਾਂ ਮੇਰੇ ਇੰਚਾਰਜ ਗਿਆਨੀ ਮਾਨ ਸਿੰਘ ਨੇ ਕਿਹਾ, 'ਮੁੰਡਾ ਠੀਕ ਏ ਦਾਖਲਾ ਭੇਜ ਦਿਓ।' ਕੁਝ ਅਜਿਹੀ ਹੀ ਰਾਇ ਬਾਕੀ ਵਿਸ਼ਿਆਂ ਦੇ ਅਧਿਆਪਕਾਂ ਦੀ ਵੀ ਸੀ, ਪਰ ਜਦੋਂ ਮੇਰੇ ਹਿਸਾਬ ਦੇ ਨੰਬਰ ਵੇਖੇ ਤਾਂ ਵੰਡਾ ਸਾਰਾ ਜ਼ੀਰੋ। ਬਾਵਾ ਨਿਰੰਜਨ ਸਿੰਘ ਜ਼ੀਰੋ ਵੇਖ ਕੇ ਇਕਦਮ ਤ੍ਰਭਕ ਗਏ ਕਿ ਉਨ੍ਹਾਂ ਦੇ ਪੜ੍ਹਾਏ ਵਿਸ਼ੇ ਵਿਚ ਜ਼ੀਰੋ। ਉਨ੍ਹਾਂ ਨੋਟ ਕੀਤਾ ਕਿ ਹਿਸਾਬ ਦੇ ਵਿਸ਼ੇ ਨੂੰ ਛੱਡ ਕੇ ਬਾਕੀ ਵਿਸ਼ਿਆਂ ਵਿਚ ਮੇਰੇ ਨੰਬਰ ਬਹੁਤ ਵਧੀਆ ਸਨ। ਬਾਵਾ ਜੀ ਨੇ ਮੈਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਹਿਸਾਬ ਵਿਚ ਨੰਬਰ ਕਿਉਂ ਘੱਟ ਹਨ? ਮੈਂ ਬਾਵਾ ਜੀ ਨੂੰ ਕਿਹਾ, 'ਸਰ ਜੀ ਹਿਸਾਬ ਮੇਰੇ ਵੱਸ ਦਾ ਰੋਗ ਨਹੀਂ।' ਉਨ੍ਹਾਂ ਕਿਹਾ ਕਿ ਦਸਵੀਂ ਪਾਸ ਕਰਨ ਲਈ ਹਿਸਾਬ ਵਿਚ ਵੀ ਪਾਸ ਹੋਣਾ ਬਹੁਤ ਜ਼ਰੂਰੀ ਏ। ਮੈਂ ਅਸਮਰੱਥਾ ਜਤਾਈ ਤਾਂ ਉਨ੍ਹਾਂ ਕਿਹਾ, 'ਤੈਨੂੰ ਮੈਂ ਦਸਵੀਂ ਪਾਸ ਕਰਾਵਾਂਗਾ? ਪਰ ਤੈਨੂੰ ਵੀ ਹਿੰਮਤ ਕਰਨੀ ਪਵੇਗੀ'। ਮੈਂ ਉਸ ਦਿਨ ਲਾਲ ਰੰਗ ਦੀ ਸ਼ਰਟ ਪਾਈ ਹੋਈ ਸੀ, ਜਿਸ ਵਿਚ ਸਟਾਈਲ ਵਜੋਂ ਕਾਲਰਾਂ 'ਤੇ ਅਤੇ ਬਾਕੀ ਸਾਰੇ ਬਟਨਾਂ ਦੇ ਨਾਲ-ਨਾਲ ਇਕ ਬਟਨ ਵਾਧੂ ਲੱਗਾ ਹੋਇਆ ਸੀ। ਇਸ ਵਾਰਤਾਲਾਪ ਦੌਰਾਨ ਬਾਵਾ ਜੀ ਮੇਰੀ ਸ਼ਰਟ ਵਿਚ ਲੱਗੇ ਵਾਧੂ ਬਟਨ ਉਤਾਰ ਦਿੰਤੇ ਅਤੇ ਉਨ੍ਹਾਂ ਬਟਨਾਂ ਨੂੰ ਕਾਗਜ਼ ਦੇ ਟੁਕੜੇ ਵਿਚ ਲਪੇਟ ਕੇ ਪੜ੍ਹੀ ਬਣਾ ਕੇ ਰੱਖ ਲਏ ਅਤੇ ਕਿਹਾ, 'ਤੂੰ ਇਸ ਵੇਲੇ ਇਹੋ ਜਿਹੀ ਟੌਹਰੀ ਸ਼ਰਟ ਪਾਉਣ ਦੇ ਯੋਗ ਨਹੀਂ'। ਬਾਵਾ ਜੀ ਕਹਿਣ ਲੱਗੇ ਕਿ ਦਾਖਲਾ ਭੇਜ ਦੇਣ ਲੱਗਾ ਹਾਂ। ਤੂੰ ਵੀ ਕੋਸ਼ਿਸ਼ ਜਾਰੀ ਰੱਖ। ਮੈਂ ਕਿਹਾ, 'ਠੀਕ ਏ ਸਰ'।

ਬੋਰਡ ਦੇ ਦਾਖਲੇ ਚਲੇ ਗਏ। ਪੜ੍ਹਾਈ ਬਾ-ਦਸਤੂਰ ਜਾਰੀ ਸੀ। ਮੈਂ ਲੱਖ ਯਤਨਾਂ ਦੇ ਬਾਵਜੂਦ ਹਿਸਾਬ ਦੇ ਵਿਸ਼ੇ ਵਿਚ ਕੋਈ ਖਾਸ— ਨਹੀਂ ਕਰ ਸਕਿਆ। ਦੋ-ਤਿੰਨ ਮਹੀਨਿਆਂ ਬਾਅਦ ਮਾਰਚ ਵਿਚ ਬੋਰਡ ਦੀ ਪ੍ਰੀਖਿਆ ਦੀ ਡੇਟਸ਼ੀਟ ਵੀ ਆ ਗਈ। ਬਾਕੀ ਸਭ ਵਧੀਆ ਸੀ ਪਰ ਹਿਸਾਬ ਦੇ ਪੇਪਰ ਵੱਡੀ ਚਿੰਤਾ ਦੇ ਕਾਰਨ ਸਨ। ਬੋਰਡ ਦੇ ਪੇਪਰ ਸ਼ੁਰੂ ਹੋ ਗਏ। ਜਿਸ ਦਿਨ ਹਿਸਾਬ ਦਾ ਪਹਿਲਾ ਪੇਪਰ ਸੀ, ਮੈਨੂੰ ਪਤਾ ਸੀ ਕਿ ਮੈਥੋਂ ਕੁਝ ਨਹੀਂ ਹੋਣਾ। ਪੇਪਰ ਵੱਡੇ ਗਏ। ਮੇਰੇ ਤੋਂ ਸਿਵਾਏ ਸਾਰੇ ਵਿਦਿਆਰਥੀ ਪੇਪਰ ਪੜ੍ਹ ਰਹੇ ਸਨ ਤੇ ਯੋਜਨਾ ਬਣਾ ਰਹੇ ਸਨ ਕਿ ਪਹਿਲਾਂ ਕਿਹੜੇ ਸਵਾਲਾਂ ਦੇ ਉਤਰ ਲਿਖਣੇ ਹਨ। ਮੈਂ ਆਪਣੀ ਜਗ੍ਹਾ 'ਤੇ ਚੁੱਪ-ਚਾਪ ਬੈਠਾ ਬਾਕੀ ਪੇਪਰ ਕਰ ਰਹੇ ਵਿਦਿਆਰਥੀਆਂ ਨੂੰ ਦੇਖ ਰਿਹਾ ਸੀ ਕਿ ਮੇਰੇ ਕੰਨਾਂ ਵਿਚ ਬਾਵਾ ਜੀ ਦੀ ਆਵਾਜ਼ ਪਈ। ਥੋੜ੍ਹੀ ਦੇਰ ਬਾਅਦ ਮੈਂ ਵੇਖਿਆ ਕਿ ਬਾਵਾ ਜੀ ਮੇਰੇ ਕੋਲ ਖੜ੍ਹੇ ਹਨ। ਉਨ੍ਹਾਂ ਮੈਨੂੰ ਹੌਲੀ ਜਿਹੇ ਪੁੱਛਿਆ ਕਿ ਕੁਛ ਕਰੇਂਗਾ? ਮੈਂ ਨਾ ਵਿਚ ਸਿਰ ਹਿਲਾਇਆ। ਫਿਰ ਉਹ ਤੁਰਦੇ ਹੋਏ ਸੁਪਰਵਾਈਜ਼ਰ ਕੋਲ ਗਏ ਅਤੇ ਉਸਦੇ ਕੰਨ ਵਿਚ ਕੁਝ ਕਿਹਾ। ਬਾਵਾ ਜੀ ਦਾ ਆਪਣੇ ਸਮੇਂ ਦੌਰਾਨ ਵਿੱਦਿਅਕ ਖੇਤਰਾਂ ਵਿਚ ਬੜਾ ਵੱਡਾ ਨਾਮ ਅਤੇ ਉੱਚਾ ਮੁਕਾਮ ਸੀ। ਕੋਈ ਸਹਿਜ ਕੀਤੇ ਉਨ੍ਹਾਂ ਦੀ



ਗੱਲ ਨਹੀਂ ਕੱਟਦਾ ਸੀ। ਥੋੜ੍ਹੀ ਦੇਰ ਬਾਅਦ ਪਾਣੀ ਪਿਆਉਣ ਵਾਲਾ ਸੇਵਕ ਆਇਆ ਅਤੇ ਬਤੀ ਸਫ਼ਾਈ ਨਾਲ ਕੁਝ ਸਵਾਲਾਂ ਦੇ ਉੱਤਰ ਮੇਰੇ ਸਾਹਮਣੇ ਰੱਖ ਕੇ ਚਲਾ ਗਿਆ। ਮੈਂ ਸਮਝ ਗਿਆ ਕਿ ਬਾਵਾ ਜੀ ਦੇ ਰੂਪ ਵਿਚ ਰੱਬ ਬਹੁੜਿਆ ਏ। ਦੋ ਘੰਟੇ ਬਾਅਦ ਫਿਰ ਉਹੀ ਸੇਵਾਦਾਰ ਆਇਆ ਤੇ ਦਿੱਤਾ ਹੋਇਆ ਸਾਮਾਨ ਵਾਪਸ ਲੈ ਕੇ ਚਲਾ ਗਿਆ। ਠੀਕ ਇਸੇ ਤਰ੍ਹਾਂ ਦਾ ਵਰਤਾਰਾ ਹਿਸਾਬ ਦੇ ਦੂਸਰੇ ਪੇਪਰ ਵਾਲੇ ਦਿਨ ਵੀ ਹੋਇਆ। ਬਾਵਾ ਜੀ ਆਏ ਅਤੇ ਫਿਰ ਪੁੱਛਿਆ ਕੁਝ ਕਰੇਂਗਾ? ਮੈਂ ਫਿਰ ਨਾ ਵਿਚ ਸਿਰ ਹਿਲਾਇਆ। ਉਨ੍ਹਾਂ ਨੇ ਉਸ ਦਿਨ ਦੇ ਸੁਪਰਵਾਈਜ਼ਰ ਨਾਲ ਕੁਝ ਗੱਲ ਕੀਤੀ ਅਤੇ ਚਲੇ ਗਏ। ਫਿਰ ਉਹੋ ਪਾਣੀ ਪਿਆਉਣ ਵਾਲਾ ਸੇਵਕ ਆਇਆ ਅਤੇ ਕੁਛ ਅਲਜਬਰੇ ਦੇ ਅਤੇ ਕੁਛ ਜੀਉਮੈਟਰੀ ਦੀਆਂ ਬਿਊਰਮਾਂ ਦੇ ਗਿਆ। ਇੰਜ ਇੱਕ-ਇੱਕ ਕਰ ਕੇ ਸਾਰੇ ਪੇਪਰ ਹੋ ਗਏ। ਦਿਲ ਨੂੰ ਤਸੱਲੀ ਸੀ ਕਿ ਦਸਵੀਂ ਵੀ ਹੁਣ ਪਾਸ ਸਮਝੋ। ਪੇਪਰਾਂ ਤੋਂ ਬਾਅਦ ਰਿਜ਼ਲਟ ਆਉਣ ਤੱਕ ਛੁੱਟੀਆਂ ਦਾ ਲੰਮਾ ਸਿਲਸਿਲਾ। ਤਕਰੀਬਨ ਦੋ ਤੋਂ ਵੱਧ ਮਹੀਨਿਆਂ ਬਾਅਦ ਦਸਵੀਂ ਦੇ ਰਿਜ਼ਲਟ ਆਉਣ ਦੀਆਂ ਖ਼ਬਰਾਂ ਵੀ ਮਿਲਣ ਲੱਗ ਪਈਆਂ। ਅਖੀਰ ਇਕ ਦਿਨ ਰਿਜ਼ਲਟ ਆ ਹੀ ਗਿਆ। ਮੈਂ ਅਤੇ ਮੇਰੇ ਦੋਸਤ ਨੇ ਟਾਂਡਾ ਰੋਲਵੇ ਰੋਡ 'ਤੇ ਇਕ ਕਿਤਾਬਾਂ ਦੀ ਦੁਕਾਨ 'ਤੇ ਰੋਲ ਨੰਬਰ ਗਜ਼ਟ 'ਤੇ ਚੈੱਕ ਕੀਤੇ। ਮੇਰੇ ਸਾਰੇ ਦੋਸਤ ਪਾਸ ਹੋ ਗਏ ਪਰ ਮੇਰਾ ਰੋਲ ਨੰਬਰ ਨਹੀਂ ਮਿਲ ਰਿਹਾ ਸੀ। ਮੇਰਾ ਰੰਗ ਉੱਡ ਗਿਆ। ਮੈਂ ਮੰਨ ਲਿਆ ਕਿ ਮੈਂ ਫੇਲ੍ਹ ਹੋ ਗਿਆ ਹਾਂ। ਗਜ਼ਟ ਵਿਚੋਂ ਰੋਲ ਨੰਬਰ ਚੈੱਕ ਕਰਨ ਵਾਲਾ ਮੁੰਡਾ ਕਹਿੰਦਾ ਬਰਡ ਡਿਵੀਜ਼ਨ ਵਿਚ ਤਾਂ ਰੋਲ ਨੰਬਰ ਨਹੀਂ ਮਿਲ ਰਿਹਾ, ਸੈਕਿੰਡ ਡਿਵੀਜ਼ਨ ਵਿਚ ਚੈੱਕ ਕਰਾਂ? ਮੈਂ ਕਿਹਾ, ਸਾਰੇ ਤਾਂ ਬਰਡ ਡਿਵੀਜ਼ਨ ਵਿਚ ਪਾਸ ਹੋਏ ਹਨ, ਭਲਾ ਮੇਰੀ ਸੈਕਿੰਡ ਡਿਵੀਜ਼ਨ ਕਿੱਥੋਂ ਆਉਣ ਲੱਗੀ ਏ? ਉਹ ਕਹਿਣ ਲੱਗਾ ਕਿ ਰੋਲ ਨੰਬਰ ਚੈੱਕ ਕਰਨ ਵਿਚ ਕੀ ਜਾਂਦਾ ਏ। ਜਦੋਂ ਉਸ ਨੇ ਸੈਕਿੰਡ ਡਿਵੀਜ਼ਨ ਵਾਲੇ ਪਾਸੇ ਰੋਲ ਨੰਬਰ ਚੈੱਕ ਕੀਤਾ ਤਾਂ ਉਥੇ ਮੇਰਾ ਰੋਲ ਨੰਬਰ ਮਿਲ ਗਿਆ ਯਾਨੀ ਕਿ ਮੈਂ ਦਸਵੀਂ ਜਮਾਤ ਸੈਕਿੰਡ ਡਿਵੀਜ਼ਨ ਨਾਲ ਪਾਸ ਕਰ ਲਈ ਸੀ। ਦਿਲ ਨੂੰ ਅੰਤਰੀਵ ਖੁਸ਼ੀ ਮਿਲੀ ਕਿ ਚਲੋ ਪੜ੍ਹਾਈ ਦਾ ਪਹਿਲਾ ਵੱਡਾ ਪੜਾਅ ਜੋ ਕਿ ਦਸਵੀਂ ਜਮਾਤ ਦਾ ਹੁੰਦਾ ਸੀ, ਪਾਰ ਕਰ ਲਿਆ ਏ।

ਦਸਵੀਂ ਪਾਸ ਕਰਦੇ ਸਾਰ ਹਰੇਕ ਦਾ ਸੁਪਨਾ ਹੁੰਦਾ ਏ ਕਾਲਜ ਜਾਣ ਦਾ। ਕਾਲਜ ਵਿਚ ਦਾਖਲਾ ਲੈਣ ਲਈ ਦਸਵੀਂ ਦੀ ਮਾਰਕ ਸ਼ੀਟ ਹੋਣੀ ਜ਼ਰੂਰੀ ਹੁੰਦੀ ਏ। ਕਿਉਂਕਿ ਦਸਵੀਂ ਦੇ ਨੰਬਰਾਂ ਤੋਂ ਹੀ ਤੁਸੀਂ ਕਾਲਜ ਵਿਚ ਕਿਸ ਵਿਸ਼ੇ ਵਿਚ ਦਾਖਲਾ ਲੈਣਾ ਏ ਨਿਰਭਰ ਕਰਦਾ ਏ। ਇਕ ਦਿਨ ਮੈਂ ਅਤੇ ਮੇਰਾ ਦੋਸਤ ਬਲਰਾਜ ਮਾਰਕ ਸ਼ੀਟ ਲੈਣ ਲਈ ਸਕੂਲ ਗਏ। ਅਸੀਂ ਸਕੂਲ ਦੇ ਦਫ਼ਤਰ ਤੋਂ ਆਪਣੀਆਂ ਮਾਰਕ ਸ਼ੀਟਾਂ ਲੈ ਲਈਆਂ ਅਤੇ ਸਾਈਕਲ ਲੈਣ ਲਈ ਸਾਈਕਲ ਸਟੈਂਡ ਵੱਲ ਜਾ ਰਹੇ ਸਾਂ ਕਿ ਅਚਾਨਕ ਪਿਛੋਂ ਰੁਕਣ ਲਈ ਆਵਾਜ਼ ਆਈ। ਸਾਡੇ ਪੈਰ ਉਥੇ ਹੀ ਰੁਕ ਗਏ ਕਿਉਂਕਿ ਇਹ ਆਵਾਜ਼ ਸਾਡੇ ਹੈਂਡ ਮਾਸਟਰ ਬਾਵਾ ਜੀ ਦੀ ਸੀ। ਮੈਂ ਪਿਛੇ ਮੁੜਿਆ ਤਾਂ ਵੇਖਿਆ ਕਿ ਉਹ ਆਪਣੇ ਪਿਛੇ ਆਉਣ ਦਾ ਇਸ਼ਾਰਾ ਕਰ ਰਹੇ ਸਨ। ਮੈਂ ਅਤੇ ਬਲਰਾਜ, ਬਾਵਾ ਜੀ ਦੇ ਪਿਛੇ-ਪਿਛੇ ਉਨ੍ਹਾਂ ਦੇ ਦਫਤਰ ਵੱਲ ਨੂੰ ਚਲੇ ਗਏ। ਜਦੋਂ ਅਸੀ ਉਨ੍ਹਾਂ ਦੇ ਦਫਤਰ ਸਾਹਮਣੇ ਗਏ, ਤਾਂ ਬਾਵਾ ਜੀ ਨੇ ਅੰਦਰ ਆਉਣ ਲਈ ਕਿਹਾ। ਅਸੀਂ ਜਦੋਂ ਅੰਦਰ ਗਏ ਤਾਂ ਮੈਂ ਵੇਖਿਆ ਕਿ ਬਾਵਾ ਜੀ ਆਪਣੇ ਟੇਬਲ ਦਾ ਦਰਾਜ ਫਰੋਲ ਰਹੇ ਸਨ। ਅਚਾਨਕ ਮੈਂ ਵੇਖਿਆ ਕਿ ਉਨ੍ਹਾਂ ਦੇ ਹੱਥ ਵਿਚ ਇੱਕ ਪੁੜੀ ਸੀ। ਜਦੋਂ ਉਨ੍ਹਾਂ ਨੇ ਪੁੜੀ ਖੋਲ੍ਹੀ ਤਾਂ ਮੈਂ ਵੇਖ ਕੇ ਹੱਕਾ-ਬੱਕਾ ਰਹਿ ਗਿਆ ਕਿ ਉਸ ਪੁੜੀ ਵਿਚ ਮੇਰੀ ਲਾਲ ਸ਼ਰਟ ਦੇ ਬਟਨ ਸਨ, ਜੋ ਬਾਵਾ ਜੀ ਨੇ ਦਾਖਲਾ ਭੇਜਣ ਵੇਲੇ ਮੇਰੀ ਲਾਲ ਸ਼ਰਟ ਤੋਂ ਤੋੜੇ ਸਨ। ਉਨ੍ਹਾਂ ਬਟਨਾਂ ਵਾਲੀ ਪੁੜੀ ਮੈਨੂੰ ਦਿੰਦਿਆਂ ਕਿਹਾ, 'ਹੁਣ ਤੂੰ ਇਹ ਬਟਨਾਂ ਵਾਲੀ ਸ਼ਰਟ ਪਾ ਸਕਦਾ ਏਂ'। ਬਾਵਾ ਜੀ ਨੇ ਆਪਣਾ ਵਚਨ ਪੂਰਾ ਕਰ ਦਿੱਤਾ ਸੀ। ਬਾਵਾ ਨਿਰੰਜਨ ਸਿੰਘ ਸਦਕਾ ਮੈਂ ਦਸਵੀਂ ਜਮਾਤ ਪਾਸ ਕਰ ਸਕਿਆ। ਨਹੀਂ ਤਾਂ ਮੈਂ ਸਾਰੀ ਉਮਰ ਅੰਡਰ ਮੈਟ੍ਰਿਕ ਦੀ ਡਿਗਰੀ ਨਾਲ ਜਿਉਣਾ ਸੀ। ਮਾਰਕ ਸ਼ੀਟ ਅਨੁਸਾਰ ਮੈਨੂੰ ਹਿਸਾਬ ਦੇ ਦੋਵਾਂ ਪੇਪਰਾਂ ਵਿਚ ਕੁੱਲ 52 ਨੰਬਰ ਮਿਲੇ ਸਨ, ਜੋ ਕਿ ਪਾਸ ਹੋਣ ਲਈ ਘੱਟੋ-ਘੱਟ ਜ਼ਰੂਰੀ ਚਾਹੀਦੇ ਸਨ। ਬਹੁਤ-ਬਹੁਤ ਧੰਨਵਾਦ ਬਾਵਾ ਜੀ। ਕੌਣ ਯਾਦ ਰੱਖਦਾ ਏ ਕਿ ਕਿਸੇ ਆਮ ਵਿਦਿਆਰਥੀ ਨਾਲ ਇੱਕ ਹੈਂਡ ਮਾਸਟਰ ਨੇ ਕੋਈ ਵਾਅਦਾ ਕੀਤਾ ਸੀ। ਫਿਰ ਉਸ ਵਾਅਦੇ ਨੂੰ ਪੁਗਾਉਣ ਲਈ ਹੈਂਡ ਮਾਸਟਰ ਉੱਚੇਚੇ ਤੌਰ 'ਤੇ ਹਿਸਾਬ ਦੇ ਪੇਪਰਾਂ ਨੂੰ ਯਾਦ ਰੱਖਦਾ ਏ। ਸੁਪਰਵਾਈਜ਼ਰ ਨੂੰ ਰਿਕੁਐਸਟ ਕਰਦਾ ਏ। ਫਿਰ ਸੇਵਾਦਾਰ ਹੱਥ ਪਰਚੀਆਂ ਭੇਜਦਾ ਏ। ਵਾਹ! ਬਾਵਾ ਜੀ!

ਇਹੋ ਜਿਹੇ ਸਨ, ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ, ਬੇਗੋਵਾਲ, ਜਿਲ੍ਹਾ ਕਪੂਰਥਲਾ ਦੀ ਰੂਹ- ਰਵਾਂ ਬਾਵਾ ਨਿਰੰਜਨ ਸਿੰਘ ਹੈਂਡ ਮਾਸਟਰ। ਬਾਵਾ ਜੀ ਦੀ ਯਾਦਦਾਸ਼ਤ ਬਹੁਤ ਤੇਜ਼ ਸੀ। ਉਹ ਆਪਣੇ ਪੜ੍ਹਾਏ ਹੋਏ ਵਿਦਿਆਰਥੀਆਂ ਨੂੰ ਸਾਲਾਂ ਬਾਅਦ ਵੀ ਪਛਾਣ ਲੈਂਦੇ ਸਨ। ਜਿੰਨੀ ਦੇਰ ਬਾਵਾ ਜੀ ਸਕੂਲ ਦੇ ਹੈਂਡ ਮਾਸਟਰ ਰਹੇ, ਉਨੀ ਦੇਰ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਚੜ੍ਹਦੀ ਕਲਾ ਵਿਚ ਰਿਹਾ। ਬਾਵਾ ਜੀ ਦੇ ਸਕੂਲ ਛੱਡਣ ਤੋਂ ਬਾਅਦ ਐਸ ਪੀ ਐਸ ਖਾਲਸਾ ਹਾਈ ਸਕੂਲ ਮੁੜ ਉਨ੍ਹਾਂ ਬੁਲੰਦੀਆਂ ਨੂੰ ਨਹੀਂ ਛੋਹ ਸਕਿਆ। ਰਾਜਨੀਤੀ ਵਿਚ ਬਾਵਾ ਜੀ ਦਾ ਲਗਾਓ ਸ਼ੁਰੂ ਤੋਂ ਹੀ ਕਾਂਗਰਸ ਵੱਲ ਸੀ। ਸਕੂਲ ਦੀ ਨੌਕਰੀ ਤੋਂ ਬਾਅਦ ਉਹ ਕਾਂਗਰਸ ਦੀ ਸਰਗਰਮ ਸਿਆਸਤ ਵਿਚ ਭਾਗ ਲੈਣ ਲੱਗ ਪਏ ਸਨ। ਉਨ੍ਹਾਂ ਨੇ ਕਾਂਗਰਸ ਦੀ ਟਿਕਟ 'ਤੇ ਇਕ ਵਾਰ ਭੁਲੱਥ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਚੋਣ ਵੀ ਲੜੀ ਸੀ ਪਰ ਬਹੁਤ ਥੋੜ੍ਹੀਆਂ ਵੋਟਾਂ ਦੇ ਫ਼ਰਕ ਨਾਲ ਹਾਰ ਗਏ ਸਨ। ਵੰਡੀ ਮਿਆਣੀ ਦੇ ਵਸਨੀਕ ਹੋਣ ਕਾਰਨ ਉਹ ਟਾਂਡਾ ਅਤੇ ਭੁਲੱਥ ਹਲਕੇ ਵਿਚ ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਬਹੁਤ ਸਰਗਰਮ ਰਹੇ। ਉਨ੍ਹਾਂ ਦਾ ਨਿਊ ਯਾਰਕ ਵਿਚ ਆਉਣਾ ਜਾਣਾ ਵੀ ਲੱਗਾ

ਸ਼ਹੀਦਾਨਿ-ਵ਼ਫ਼ਾ ਅਤੇ ਰੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵ਼ਫ਼ਾ ਅਤੇ ਰੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

71.

ਬੱਚੋਂ ਕੋ ਲੇਨੇ ਆਏ ਗ਼ਰਜ਼ ਚੰਦ ਬੇਹੱਯਾ।
ਸਰਦਾਰ ਇਨ ਕਾ ਕਹਿਤੇ ਹੈਂ ਕਿ ਸੁੱਚਾ ਨੰਦ ਥਾ।
ਮਾਤਾ ਨੇ ਦੇਖ ਕਰ ਕਹਾ- ਹੈ ! ਹੈ ! ਗ਼ਜ਼ਬ ਹੂਆ !
ਬਸ ਆਨ ਪਹੁੰਚਾ ਸਿਰ ਪੇ ਹੈ ਮੌਕਾ ਜੁਦਾਈ ਕਾ।
ਦੇਖੂੰਗੀ ਉਮਰ ਭਰ ਕੋ ਨ ਯੇਹ ਪਯਾਰੀ ਸੂਰਤੇਂ।
ਮੱਟੀ ਮੇਂ ਮਿਲਨੇ ਵਾਲੀ ਹੈਂ, ਮੈਂ ਵਾਰੀ, ਸੂਰਤੇਂ।

ਕੁਝ ਨਿਰਲੱਜ ਬੰਦੇ ਸਾਹਿਬਜ਼ਾਦਿਆਂ ਨੂੰ ਲੈਣ ਲਈ ਆ ਪਹੁੰਚੇ ਸਨ। ਕਹਿੰਦੇ ਹਨ ਕਿ ਸੁੱਚਾ ਨੰਦ ਇਨ੍ਹਾਂ ਦਾ ਮੁਖੀਆ ਸੀ। ਮਾਤਾ ਨੇ ਇਨ੍ਹਾਂ ਨੂੰ ਵੇਖ ਕੇ ਕਿਹਾ ਕਿ ਇਹ ਕੀ ਕਹਿਰ ਹੋ ਗਿਆ? ਵਿਛੋੜੇ ਦਾ ਸਮਾਂ ਸਿਰ ਉੱਤੇ ਆ ਹੀ ਪਹੁੰਚਿਆ ਹੈ। ਬੱਚਿਆਂ ਦੀਆਂ ਪਿਆਰੀਆਂ ਸੂਰਤਾਂ ਮੈਂ ਹੁਣ ਉਮਰ ਭਰ ਨਹੀਂ ਵੇਖ ਸਕਾਂਗੀ। ਮੈਂ ਵਾਰੀ ਤੇ ਬਲਿਹਾਰੀ ਜਾਂਦੀ ਹਾਂ ਇਨ੍ਹਾਂ ਸੂਰਤਾਂ ਤੋਂ, ਜੋ ਪੰਜ-ਭੂਤਕ ਤੱਤਾਂ ਵਿਚ ਸਮਾਉਣ ਵਾਲੀਆਂ ਹਨ।

72.

ਜਾਨੇ ਸੇ ਪਹਿਲੇ ਆਓ, ਗਲੇ ਸੇ ਲਗਾ ਤੋ ਲੂੰ।
ਕੇਸੋਂ ਕੋ ਕੰਘੀ ਕਰ ਦੂੰ, ਜ਼ਰਾ ਮੂੰਹ ਧੁਲਾ ਤੋ ਲੂੰ।
ਪਿਆਰੇ ਸਰੋਂ ਪੈ ਨੰਨ੍ਹੀ ਸੀ ਕਲ਼ਗੀ ਸਜਾ ਤੋ ਲੂੰ।
ਮਰਨੇ ਸੇ ਪਹਿਲੇ ਤੁਮ ਕੋ ਮੈਂ ਦੁਲਹਾ ਬਨਾ ਤੋ ਲੂੰ।
ਰੋ ਰੋ ਕੇ ਮਾਤਾ ਗੁਜਰੀ ਨੇ ਆਰਾਸਤਾ ਕੀਆ।
ਤੀਰੋ-ਕਮਾਂ ਸੇ, ਤੇਗ਼ ਸੇ, ਪੈਰਾਸਤਾ ਕੀਆ।

ਮਾਤਾ ਜੀ ਕਹਿੰਦੇ ਹਨ ਕਿ ਆਓ ਪੁੱਤਰੋ ! ਤੁਰਨ ਤੋਂ ਪਹਿਲਾਂ ਮੈਂ ਤੁਹਾਨੂੰ ਗਵੱਕੜੀ ਤਾਂ ਪਾ ਲਵਾਂ। ਕੇਸਾਂ ਨੂੰ ਕੰਘੇ ਨਾਲ ਵਾਹ ਦਿਆਂ ਅਤੇ ਮੂੰਹ ਵੀ ਧੋ ਦਿਆਂ। ਪਿਆਰੇ ਸਿਰਾਂ ਉੱਤੇ ਛੋਟੀਆਂ-ਛੋਟੀਆਂ ਕਲਗੀਆਂ ਸਜਾ ਦਿਆਂ ਅਤੇ ਜਾਨਾਂ ਵਾਰਨ ਤੋਂ ਪਹਿਲਾਂ ਤੁਹਾਨੂੰ ਦੁਲਹਾ ਬਨਾਉਣ ਦੀ ਰੀਝ ਵੀ ਪੂਰੀ ਕਰ ਲਵਾਂ। ਮਾਤਾ ਗੁਜਰੀ ਜੀ ਨੇ ਰੋਂਦੇ ਹੋਏ ਹੀ ਲਾਲਾਂ ਨੂੰ ਸੰਵਾਰਿਆ ਅਤੇ ਤੀਰ-ਕਮਾਨ ਤੇ ਤੇਗ਼ ਆਦਿ ਪਹਿਨਾ ਕੇ ਸ਼ਿੰਗਾਰਿਆ।

73.

ਬੇਟੇ ਸੇ ਪਹਿਲੇ ਬਿਛੁੜੀ ਥੀ, ਤੁਮ ਭੀ ਬਿਛੜ ਚਲੇ।
ਬਿਗੜੇ ਹੂਏ ਨਸੀਬ ਯੇਹ ਜ਼ਿਆਦਾ ਬਿਗੜ ਚਲੇ।
ਬੇਰਹਿਮ ਦੁਸ਼ਮਨੋਂ ਕੇ ਤੁਮ ਹਾਥੋਂ ਮੇਂ ਪੜ ਚਲੇ।
ਜ਼ੰਜੀਰਿ-ਗ਼ਮ ਮੇਂ ਮੁਝ ਕੋ, ਯਹਾਂ ਪਰ ਜਕੜ ਚਲੇ।
ਬਿਹਤਰ ਥਾ ਤੁਮ ਸੇ ਪਹਿਲੇ, ਮੈਂ ਦੇਤੀ ਪਰਾਨ ਕੋ।
ਦੁੱਖ ਸੇ ਤੁਮ੍ਹਾਰੇ ਦੁੱਖ ਹੈ, ਸਿਵਾ ਮਿਰੀ ਜਾਨ ਕੋ।

ਮਾਤਾ ਜੀ ਆਖ ਰਹੇ ਹਨ ਕਿ ਪਹਿਲਾਂ ਮੈਂ ਆਪਣੇ ਬੇਟੇ (ਗੁਰੂ ਗੋਬਿੰਦ ਸਿੰਘ ਜੀ) ਤੋਂ ਵਿੱਛੜੀ ਸੀ, ਹੁਣ ਤੁਸੀਂ ਵੀ ਵਿੱਛੜ ਚੱਲੇ ਹੋ। ਮੇਰੇ ਨਸੀਬ ਜੋ ਪਹਿਲਾਂ ਹੀ ਵਿਗੜੇ ਹੋਏ ਸਨ, ਹੁਣ ਹੋਰ ਵਿਗੜ ਚੱਲੇ ਹਨ। ਤੁਸੀਂ ਬੇਰਹਿਮ ਦੁਸ਼ਮਣਾਂ ਦੇ ਚੁੰਗਲ ਵਿਚ ਪੈਣ ਲੱਗੇ ਹੋ ਅਤੇ ਮੈਨੂੰ ਇੱਥੇ ਦੁੱਖਾਂ ਦੀਆਂ

ਜ਼ੰਜੀਰਾਂ ਵਿਚ ਬੰਨ੍ਹ ਚੱਲੇ ਹੋ। ਠੀਕ ਤਾਂ ਇਹੋ ਸੀ ਕਿ ਮੈਂ ਤੁਹਾਡੇ ਤੋਂ ਪਹਿਲਾਂ ਆਪਣੀ ਜਾਨ ਦੇ ਦਿੰਦੀ, ਕਿਉਂਕਿ ਤੁਹਾਡੇ ਦੁੱਖ ਨੇ ਮੇਰੇ ਦੁੱਖਾਂ ਵਿਚ ਹੋਰ ਵਾਧਾ ਕਰ ਦਿੱਤਾ ਹੈ।

74.

ਕਹਿ ਕਹਿ ਕੇ ਰੋਤੀ ਜਾਤੀ ਥੀ, ਜ਼ਾਰੋ-ਜ਼ਾਰ ਮਾਤ।
ਜ਼ੋਰਾਵਰ ਅਰ ਫ਼ਤਿਹ ਪੇ ਹੋਤੀ ਨਿਸਾਰ ਮਾਤ।
ਇਸ ਦਰਜਾ ਰੰਜੋ-ਗ਼ਮ ਸੇ, ਹੂਈ ਬੇਕਰਾਰ ਮਾਤ।
ਗ਼ਸ਼ ਖਾ ਕੇ ਗਿਰਨੇ ਵਾਲੀ ਥੀ ਬੇਇਖ਼ਤਯਾਰ ਮਾਤ।
ਸ਼ਹਿਜ਼ਾਦਗਾਂ ਨੇ ਬੜ੍ਹ ਕੇ, ਸੰਭਾਲਾ ਹਜ਼ੂਰ ਕੋ।
ਢਾਰਸ ਬੰਧਾਈ ਕਹਿ ਕੇ, ਦਿਲੇ ਨਾ-ਸਬੂਰ ਕੋ।

ਉਪਰੋਕਤ ਭਾਵ ਦੀਆਂ ਗੱਲਾਂ ਕਰਦੇ ਹੋਏ ਮਾਤਾ ਜੀ ਫੁੱਟ-ਫੁੱਟ ਕੇ ਰੋਈ ਜਾ ਰਹੇ ਸਨ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਤੋਂ ਮਾਤਾ ਵਾਰਨੇ ਜਾ ਰਹੀ ਸੀ। ਇੰਤਹਾ ਸ਼ੋਕ ਤੇ ਗ਼ਮ ਨਾਲ ਆਪ ਬੇਚੈਨ ਹੋ ਰਹੇ ਸਨ। ਬੇਹੋਸ਼ ਤੇ ਬੇਕਾਬੂ ਹੋ ਕੇ ਡਿੱਗਣ ਹੀ ਲੱਗੇ ਸਨ ਕਿ ਸਾਹਿਬਜ਼ਾਦਿਆਂ ਨੇ ਅੱਗੇ ਹੋ ਕੇ ਸੰਭਾਲ ਲਿਆ ਅਤੇ ਮਾਤਾ ਜੀ ਦੇ ਬੇਸਬਰੇ ਮਨ ਨੂੰ ਧੀਰਜ ਦੇਣ ਲੱਗੇ।

75.

ਫ਼ੁਰਮਾਏ ਦਸਤ ਬਸਤਾ ਵੁਹ ਦੋਨੋਂ ਗੁਰੂ ਕੇ ਲਾਲ।
ਜੀ ਕਿਉਂ ਮੁਕੱਦਸਾ ਕਾ ਹੈ ਅਪਨੇ ਲੀਏ ਨਿਢਾਲ?
ਕੁਰਬਾਨੀਓਂ ਕੀ ਪੰਥ ਕੋ ਹਾਜਤ ਭੀ ਹੋ ਕਮਾਲ।
ਜਾਂ ਸੀ ਹਕੀਰ ਚੀਜ਼ ਕਾ ਫਿਰ ਹਮ ਕੋ ਹੋ ਖ਼ਯਾਲ?
ਵਾਹਿਗੁਰੂ ਸੇ ਜਾਨ ਪਿਆਰੀ ਨਹੀਂ ਹਮੇਂ।
ਭਾਤੀ ਯੇਹ ਆਹੋ-ਜ਼ਾਰੀ ਤੁਮ੍ਹਾਰੀ ਨਹੀਂ ਹਮੇਂ।

ਦੋਨੋਂ ਸਾਹਿਬਜ਼ਾਦੇ ਮਾਤਾ ਜੀ ਨੂੰ ਹੱਥ ਜੋੜ ਕੇ ਬੇਨਤੀ ਕਰਨ ਲੱਗੇ ਕਿ ਇਕ ਪਵਿੱਤਰ ਦੇਵੀ ਦਾ ਦਿਲ ਸਾਡੇ ਲਈ ਬੇਕਾਬੂ ਕਿਉਂ ਹੈ? ਪੰਥ ਨੂੰ ਅੱਜ ਕੁਰਬਾਨੀਆਂ ਦੀ ਭਾਰੀ ਲੋੜ ਹੈ। ਫਿਰ ਜਾਨ ਜਿਹੀ ਤੁੱਛ ਚੀਜ਼ ਦਾ ਫ਼ਿਕਰ ਕਿਉਂ ਕੀਤਾ ਜਾਵੇ? ਸਾਨੂੰ ਵਾਹਿਗੁਰੂ ਤੋਂ ਵਧ ਕੇ ਇਹ ਜਾਨ ਪਿਆਰੀ ਨਹੀਂ ਹੈ ਅਤੇ ਆਪ ਜੀ ਦਾ ਆਹੋ-ਜ਼ਾਰ ਰੋਣਾ ਸਾਨੂੰ ਬਿਲਕੁਲ ਨਹੀਂ ਭਾਉਂਦਾ।

76.

ਰੁਖ਼ਸਤ ਦੋ ਅਬ ਖ਼ੁਸ਼ੀ ਸੇ ਕਿ ਜਾਨੇਂ ਫ਼ਿਦਾ ਕਰੇਂ।
ਦੁਨੀਆਂ ਸੇ ਜਬਰੋ-ਜ਼ੋਰ ਕਾ ਹਮ ਖ਼ਾਤਮਾ ਕਰੇਂ।
ਹਾਸਲ ਸਰੋਂ ਕੋ ਦੇ ਕੇ ਖ਼ੁਦਾ ਕੀ ਰਜ਼ਾ ਕਰੇਂ।
ਨਾਮ ਅਪਨੇ ਬਾਪ ਦਾਦੇ ਕਾ, ਮਰ ਕਰ ਸਿਵਾ ਕਰੇਂ।
ਗਿਰਿਯਾਂ ਕੋ ਜ਼ਬਤ ਕਰਕੇ ਬਹੁਤ ਆਲੀਸ਼ਾਨ ਨੇ।
'ਵਾਰੀ ਗਈ ਲੋ ਜਾਓ !' ਕਹਾ ਦਾਦੀ ਜਾਨ ਨੇ।


ਮਾਤਾ ਜੀ ! ਹੁਣ ਸਾਨੂੰ ਖ਼ੁਸ਼ੀ-ਖ਼ੁਸ਼ੀ ਵਿਦਾ ਕਰੋ ਤਾਂ ਜੋ ਅਸੀਂ ਧਰਮ ਖ਼ਾਤਰ ਜਾਨਾਂ ਵਾਰ ਸਕੀਏ। ਦੁਨੀਆਂ ਵਿਚੋਂ ਜ਼ੁਲਮ-ਸਿਤਮ ਨੂੰ ਮਿਟਾ ਸਕੀਏ, ਪਰਮੇਸ਼ਰ ਦੀ ਰਜ਼ਾ ਨੂੰ ਮੰਨਦੇ ਹੋਏ ਆਪਣੇ ਸਿਰ ਲੇਖੇ ਲਾ ਸਕੀਏ ਅਤੇ ਸ਼ਹੀਦ ਹੋ ਕੇ ਆਪਣੇ ਬਾਪ-ਦਾਦੇ ਦੇ ਨਾਮ ਨੂੰ ਹੋਰ ਵੀ ਚਾਰ-ਚੰਨ ਲਾ ਸਕੀਏ। ਉੱਚੇ ਮੁਰਾਤਬੇ ਵਾਲੀ ਦਾਦੀ ਮਾਤਾ ਨੇ ਰੋਣ-ਧੋਣ ਨੂੰ ਥੰਮ੍ਹਿਆਂ ਤੇ ਕਿਹਾ ਕਿ ਪੁੱਤਰੋ ! ਮੈਂ ਤੁਹਾਡੇ ਸਦਕੇ ! ਖ਼ੁਸ਼ੀ-ਖ਼ੁਸ਼ੀ ਜਾਉ ਤੇ ਮਨ ਦੀਆਂ ਰੀਝਾਂ ਪੂਰੀਆਂ ਕਰੋ।

(ਚਲਦਾ)

● ● ●

ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।

ਗੁਰਦੇ ਦੀ ਪੱਥਰੀ



ਅੱਜ ਕੱਲ੍ਹ ਗੁਰਦੇ ਦੀ ਪੱਥਰੀ ਦੇ ਮਾਮਲਿਆਂ ਵਿਚ ਤੇਜ਼ੀ ਨਾਲ ਵਾਧਾ ਦੇਖਿਆ ਤੇਜ਼ੀ ਨਾਲ ਵੱਧ ਰਹੀ ਹੈ ਗੁਰਦੇ 'ਚ ਪੱਥਰੀ ਦੀ ਬਿਮਾਰੀ ਜਾ ਰਿਹਾ ਹੈ। ਭਾਵੇਂ ਪੱਥਰੀ ਵਿਰਲੇ ਕੇਸਾਂ ਵਿਚ ਹੀ ਜਾਨਲੇਵਾ ਹੁੰਦੀ ਹੈ ਪਰ ਇਹ ਜ਼ਿਆਦਾ ਦਰਦ ਅਤੇ ਤਕਲੀਫ ਦਾ ਕਾਰਨ ਤਾਂ ਬਣਦੀ ਹੀ ਹੈ। ਯੂਰੋਲਾਜਿਸਟਸ ਦਾ ਮੰਨਣਾ ਹੈ ਕਿ ਪਹਿਲਾਂ ਲੋਕਾਂ ਵਿਚ ਆਮ ਤੌਰ 'ਤੇ 40 ਜਾਂ 50 ਸਾਲਾਂ ਤੱਕ ਹੀ ਪੱਥਰੀ ਦੇ ਮਾਮਲੇ ਦੇਖੇ ਜਾਂਦੇ ਸਨ ਪਰ ਹੁਣ 20 ਤੋਂ 30 ਸਾਲਾਂ ਦੇ ਨੌਜਵਾਨ ਵੀ ਤੇਜ਼ੀ ਨਾਲ ਪੱਥਰੀ ਦੀ ਲਪੇਟ ਵਿਚ ਆਉਂਦੇ ਜਾ ਰਹੇ ਹਨ, ਜਿੱਥੇ 12 ਫੀਸਦੀ ਮਰਦ ਅਤੇ 7 ਫੀਸਦੀ ਮਹਿਲਾਵਾਂ ਦੇ ਪੱਥਰੀ ਤੋਂ ਪੀੜਤ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ, ਉੱਥੇ ਹੁਣ ਮਾਹਿਰਾਂ ਦਾ ਕਹਿਣਾ ਹੈ ਕਿ ਮਹਿਲਾਵਾਂ ਦੇ ਪੱਥਰੀ ਤੋਂ ਪੀੜਤ ਹੋਣ ਦੀ ਦਰਦ ਵੀ ਤੇਜ਼ੀ ਨਾਲ ਵੱਧ ਰਹੀ ਹੈ।


ਇਕ ਹੋਰ ਚਿੰਤਾਜਨਕ ਤੱਥ ਸਾਹਮਣੇ ਆਇਆ ਹੈ ਕਿ ਜਿੱਥੇ ਪਹਿਲਾਂ ਗੁਰਦੇ ਦੀ ਪੱਥਰੀ ਬੱਚਿਆਂ ਵਿਚ ਬਹੁਤ ਘੱਟ ਹੀ ਦੇਖੀ ਜਾਂਦੀ ਸੀ, ਉੱਥੇ ਹੁਣ ਉਨ੍ਹਾਂ ਵਿਚ ਵੀ ਪੱਥਰੀ ਦੇ ਮਾਮਲੇ ਆਮ ਹੁੰਦੇ ਜਾ ਰਹੇ ਹਨ।

ਮਾਹਿਰ ਖਾਣ-ਪੀਣ ਦੀਆਂ ਬਦਲਦੀਆਂ ਆਦਤਾਂ ਅਤੇ ਮੋਟਾਪੇ ਨੂੰ ਹੀ ਗੁਰਦੇ ਦੀ ਪੱਥਰੀ ਦੇ ਵਧਦੇ ਮਾਮਲਿਆਂ ਦਾ ਸਭ ਤੋਂ ਵੱਡਾ ਦੋਸ਼ੀ ਮੰਨਦੇ ਹਨ। ਖਾਸ ਕਰਕੇ ਮਹਿਲਾਵਾਂ ਵਿਚ ਭਾਰ ਵੱਧਣ ਨਾਲ ਪੱਥਰੀ ਦਾ ਖਤਰਾ ਕਿਤੇ ਜ਼ਿਆਦਾ ਵੱਧ ਜਾਂਦਾ ਹੈ। ਇਕ ਖੋਜ ਤੋਂ ਪ੍ਰਾਪਤ ਸਿੱਟਿਆਂ ਅਨੁਸਾਰ ਜਿੱਥੇ ਲਗਪਗ 17 ਕਿਲੋ ਭਾਰ ਵੱਧਣ ਨਾਲ ਮਰਦਾਂ ਵਿਚ ਪੱਥਰੀ ਤੋਂ ਪੀੜਤ ਹੋਣ ਦਾ ਖਤਰਾ 40 ਫੀਸਦੀ ਤੱਕ ਵੱਧ ਜਾਂਦਾਹੈ, ਉੱਥੇ ਹੀ ਔਰਤਾਂ ਵਿਚ ਇਹ ਦਰ 80 ਫੀਸਦੀ ਹੈ।

ਕਿਵੇਂ ਬਣਦੀ ਹੈ ਪੱਥਰੀ? - ਪੱਥਰੀ ਉਦੋਂ ਬਣਦੀ ਹੈ ਜਦੋਂ ਪੇਸ਼ਾਬ ਵਿਚ ਮੌਜੂਦਾ ਕੁਝ ਤੱਤ ਸੰਘਣੇ ਹੋ ਕੇ ਕ੍ਰਿਸਟਲ ਦਾ ਰੂਪ ਲੈ ਲੈਂਦੇ ਹਨ। 75 ਫੀਸਦੀ ਪੱਥਰੀਆਂ ਕੈਲਸ਼ੀਅਮ ਦੇ ਆਕਸਾਲੇਟ ਨਾਲ ਮਿਸ਼ਰਿਤ ਹੋਣ 'ਤੇ ਬਣਦੀਆਂ ਹਨ। ਆਕਸਾਲੇਟ ਕੁਝ ਖਾਸ ਤਰ੍ਹਾਂ ਦੇ ਖਾਦ ਪਦਾਰਥਾਂ ਵਿਚ ਮੁੱਖ ਤੌਰ 'ਤੇ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਦੇਖੀਆਂ ਜਾਣ ਵਾਲੀਆਂ ਪੱਥਰੀਆਂ ਵਿਚ ਕੈਲਸ਼ੀਅਮ ਫਾਸਫੇਟ ਸਟੋਨ ਅਤੇ ਯੂਰਿਕ ਐਸਿਡ ਸਟੋਨ ਸ਼ਾਮਿਲ ਹਨ।

ਕਿਨ੍ਹਾਂ ਕਾਰਨਾਂ ਨਾਲ ਵੱਧਦਾ ਹੈ ਖਤਰਾ - ਪੱਥਰੀ ਦਾ ਖਤਰਾ ਦੋ ਕਾਰਨਾਂ ਨਾਲ ਵੱਧ ਜਾਂਦਾ ਹੈ। ਪਹਿਲਾਂ ਹੈ ਪਾਣੀ ਘੱਟ ਪੀਣਾ ਤੇ ਦੂਜਾ ਸੋਡੀਅਮ ਯੁਕਤ ਖਾਦ ਪਦਾਰਥਾਂ ਦੀ ਜ਼ਿਆਦਾ ਮਾਤਰਾ 'ਚ ਵਰਤੋਂ। ਪੱਥਰੀ ਦਾ ਖਤਰਾ ਵਧਾਉਣ ਵਾਲੇ ਹੋਰ ਕਾਰਕਾਂ 'ਚ ਐਨੀਮਲ ਪ੍ਰੋਟੀਨ ਤੇ ਸਵੀਟਨਰਸ ਪਦਾਰਥਾਂ ਦਾ ਸ਼ਾਮਿਲ ਹੋਣਾ ਹੈ।

ਗਲਤ ਧਾਰਨਾ - ਕਈ ਲੋਕ ਸੋਚਦੇ ਹਨ ਕਿ ਡੇਅਰੀ ਉਤਪਾਦਾਂ ਦੀ ਘੱਟ ਵਰਤੋਂ ਕਰਕੇ ਪੱਥਰੀ ਤੋਂ ਬਚਿਆ ਜਾ ਸਕਦਾ ਹੈ ਪਰ ਇਹ ਧਾਰਨਾ ਗਲਤ ਹੈ। ਅਸਲ ਵਿਚ ਇਨ੍ਹਾਂ ਦੀ ਵਰਤੋਂ ਨਾਲ ਖਤਰਾ



ਘੱਟ ਹੁੰਦਾ ਹੈ। ਇਨ੍ਹਾਂ ਵਿਚ ਮੌਜੂਦਾ ਕੈਲਸ਼ੀਅਮ ਆਕਸਾਲੇਟ ਨੂੰ ਅੰਤੜੀਆਂ ਵਿਚ ਹੀ ਬੰਨ੍ਹ ਕੇ ਰੱਖਦਾ ਹੈ, ਜਿਸ ਕਾਰਨ ਇਹ ਪੇਸ਼ਾਬ ਵਿਚ ਦਾਖਲ ਨਹੀਂ ਹੋ ਸਕਦੇ ਅਤੇ ਪੱਥਰੀ ਨਹੀਂ ਬਣ ਸਕਦੀ।

ਕੁਝ ਲੋਕਾਂ ਦਾ ਮੰਨਣਾ ਹੈ ਕਿ ਜੇ ਤੁਹਾਡੇ ਗੁਰਦੇ ਵਿਚ ਕੈਲਸ਼ੀਅਮ ਸਟੋਨ ਹੈ ਤਾਂ ਤੁਹਾਨੂੰ ਕੈਲਸ਼ੀਅਮ ਦੀ ਵਰਤੋਂ ਬਿਲਕੁੱਲ ਘੱਟ ਕਰ ਦੇਣੀ ਚਾਹੀਦੀ ਹੈ, ਜਦਕਿ ਅਜਿਹਾ ਕਰਨਾ ਬਹੁਤ ਹੀ ਗਲਤ ਹੈ। ਉਂਝ ਵੱਖਰੇ ਤੌਰ 'ਤੇ ਕੈਲਸ਼ੀਅਮ ਸਪਲੀਮੈਂਟਸ ਦੀ ਵਰਤੋਂ ਕਰਨ ਨਾਲ ਪੱਥਰੀ ਦਾ ਖਤਰਾ ਵੱਧਦਾ ਦੇਖਿਆ ਗਿਆ ਹੈ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਕੈਲਸ਼ੀਅਮ ਸਪਲੀਮੈਂਟਸ ਦੀ ਵਰਤੋਂ ਲੋਕ ਵੱਖਰੇ ਤੌਰ 'ਤੇ ਕਰਦੇ ਹਨ, ਨਾ ਕਿ ਖਾਣੇ ਦੇ ਨਾਲ। ਇਸ ਕਾਰਨ ਵੱਖਰੇ ਤੌਰ 'ਤੇ ਲਿਆ ਜਾਣਾ ਵਾਲਾ ਕੈਲਸ਼ੀਅਮ ਸਪਲੀਮੈਂਟਸ ਖਾਦ ਪਦਾਰਥਾਂ ਵਿਚ ਮੌਜੂਦ ਆਕਸਾਲੇਟ ਨੂੰ ਅੰਤੜੀਆਂ ਵਿਚ ਹੀ ਬੰਨ੍ਹ ਨਹੀਂ ਸਕਦਾ। ਇਨ੍ਹਾਂ ਤੋਂ ਬਿਨਾਂ ਆਕਸਾਲੇਟ ਵਿਚ ਕਮੀ ਆਏ ਸਰੀਰ ਵਿਚ ਕੈਲਸ਼ੀਅਮ ਦੀ ਮਾਤਰਾ ਵਿਚ ਵਾਧਾ ਹੁੰਦਾ ਹੈ।

ਇਸੇ ਤਰ੍ਹਾਂ ਜਿੱਥੇ ਵਿਟਾਮਿਨ 'ਸੀ' ਨਾਲ ਭਰਪੂਰ ਕੁਝ ਖੱਟੇ ਫਲ ਅਤੇ ਲੈਮੋਨੇਡ ਅਤੇ ਸੰਤਰੇ ਦੇ ਰਸ ਵਰਗੇ ਪੀਣ ਵਾਲੇ ਪਦਾਰਥ ਪੱਥਰੀ ਵਿਚ ਕਮੀ ਕਰਦੇ ਹਨ, ਉੱਥੇ ਹੀ ਵੱਖਰੇ ਤੌਰ 'ਤੇ ਲਏ ਗਏ ਵਿਟਾਮਿਨ 'ਸੀ' ਸਪਲੀਮੈਂਟ ਪੱਥਰੀ ਦੇ ਖਤਰੇ ਲਈਆਂ ਗਈਆਂ ਕੁਝ ਖਾਸ ਤਰ੍ਹਾਂ ਦੀਆਂ ਦਵਾਈਆਂ ਵੀ ਪੇਸ਼ਾਬ ਵਿਚ ਮੌਜੂਦ ਤੱਤਾਂ ਦੇ ਪੱਥਰ ਵਿਚ ਸੰਤੁਲਨ ਕਾਇਮ ਕਰਦੀਆਂ ਹਨ, ਇਸ ਨਾਲ ਪੱਥਰੀ ਨਹੀਂ ਬਣਦੀ।

ਟੈਸਟ - ਪੇਸ਼ਾਬ ਵਿਚ ਕਿਹੜੇ ਤੱਤ ਜ਼ਿਆਦਾ ਹਨ ਅਤੇ ਕਿਸ ਤਰ੍ਹਾਂ ਦੀ ਪੱਥਰੀ ਹੈ, ਇਹ ਜਾਣਨ ਲਈ ਪੱਥਰੀ ਕੱਢ ਕੇ ਉਸ ਦੀ ਜਾਂਚ ਕਰਨਾ ਜ਼ਰੂਰੀ ਹੈ। ਪੱਥਰੀ ਦੇ ਮਰੀਜ਼ਾਂ ਵਿਚ ਡਾਇਬਟੀਜ਼, ਹਾਈ ਬਲੱਡ ਪ੍ਰੈਸ਼ਰ ਅਤੇ ਓਸਿਟਯੋਪੋਰਾਇਸਿਸ ਵਰਗੇ ਸੰਬੰਧਿਤ ਹੋਰ ਰੋਗਾਂ ਦੀ ਜਾਂਚ ਵੀ ਕੀਤੀ ਜਾਣੀ ਚਾਹੀਦੀ ਹੈ। ਅੱਜਕੱਲ੍ਹ ਪੱਥਰੀ ਦੇ ਇਲਾਜ ਲਈ ਕਈ ਆਧੁਨਿਕ ਤਕਨੀਕਾਂ ਮੌਜੂਦ ਹਨ, ਫਿਰ ਵੀ ਖਾਣ-ਪੀਣ ਵਿਚ ਤਬਦੀਲੀ ਨਾਲ ਪੱਥਰੀ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ।

• ਖਾਣ-ਪੀਣ ਵਿਚ ਤਬਦੀਲੀ ਨਾਲ ਪੱਥਰੀ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।

ਖੋਜਾਂ ਵਿਚ ਦੇਖਿਆ ਗਿਆ ਹੈ ਕਿ ਖਾਣ-ਪੀਣ ਵਿਚ ਬਦਲਾਅ ਕਰਕੇ ਪੱਥਰੀ ਦੀ ਸੰਭਾਵਨਾ ਨੂੰ 40 ਫੀਸਦੀ ਤੱਕ ਘੱਟ ਕੀਤਾ ਜਾ ਸਕਦਾ ਹੈ।

ਖ਼ਤਰੇ ਦੀ ਘੰਟੀ :

• ਸੋਡੀਅਮ ਵਾਲੇ ਖਾਦ-ਪਦਾਰਥਾਂ ਦੀ ਜ਼ਿਆਦਾ ਵਰਤੋਂ।

• ਐਨੀਮਲ ਪ੍ਰੋਟੀਨ ਵਾਲੇ ਖਾਦ ਪਦਾਰਥਾਂ ਦੀ ਜ਼ਿਆਦਾ ਵਰਤੋਂ।

• ਜ਼ਿਆਦਾ ਸ਼ੂਗਰ ਦੀ ਵਰਤੋਂ।

ਕੋਸ਼ਿਸ਼ ਕਰੋ

• ਸਰੀਰ ਵਿਚ ਪਾਣੀ ਦੀ ਮਾਤਰਾ ਘੱਟ ਨਾ ਹੋਣ ਦਿਓ।

• ਕੈਲਸ਼ੀਅਮ ਵਾਲੇ ਡੇਅਰੀ ਉਤਪਾਦਾਂ ਦੀ ਵਰਤੋਂ ਕਰੋ।

• ਖੱਟੇ ਫਲਾਂ, ਲੈਮੋਨੇਡ ਅਤੇ ਸੰਤਰੇ ਦੇ ਰਸ ਦੀ ਵਰਤੋਂ ਕਰੋ।

• ਵਿਟਾਮਿਨ 'ਸੀ' ਸਪਲੀਮੈਂਟਸ ਦੀ ਵਰਤੋਂ ਨਾ ਕਰੋ।

ਕਾਵਿ-ਕਿਆਰੀ

ਕਵਿਤਾ / ਹੇ ਬਾਰਿਸ਼ !

ਸੁਰਿੰਦਰ ਮਕਸੂਦਪੁਰੀ



ਹੇ ਬਾਰਿਸ਼ ! ਤੂੰ ਜਦ ਵੀ ਆਵੇਂ
ਮੌਨਸੂਨੀ ਮੌਸਮ ਮਹਿਕਾਵੇਂ
ਛੇੜ ਕੇ ਆਪਣਾ ਨਾਦ ਬ੍ਰਹਿਮੰਡੀ
ਲੋਰੀਆਂ ਦਾ ਅਲਾਪ ਸੁਣਾਵੇਂ
ਸੁਪਨ ਸਜਾਉਂਦੇ ਮ੍ਰਿਗ ਨੈਣੀਂ
ਅੱਧ ਜਾਗਦੀ ਨੀਂਦ ਲੈ ਆਵੇਂ
ਵਿਗਸੇ, ਮੌਲੇ, ਫੈਲੇ ਬਨਸਪਤੀ
ਪੱਤਝੜਾਂ ਵੀ ਉੱਡ-ਪੁੱਡ ਜਾਵਣ
ਮਨ ਚਿੱਤ ਭਾਉਂਦੇ ਸਾਉਣ ਮਹੀਨੇ
ਚਾਂਦੀ ਰੰਗੀ ਝੜੀ ਜਦ ਲਾਵੇਂ

ਸੁਣ ਹੇ ਬਾਰਿਸ਼ ! ਇੱਕ ਗੁਜ਼ਾਰਿਸ਼
ਨਾ ਅਤਿ ਕਰੀਂ, ਨਾ ਅੰਤ ਕਰਾਵੀਂ
ਨਦੀਆਂ ਨਾਲੇ ਵਹਿੰਦੇ ਰਹਿਣ
ਦਰਿਆ, ਸਮੁੰਦਰ ਹੜ੍ਹ ਨਾ ਹੋ ਜਾਣ
ਪਸ਼ੂ ਪਰਿੰਦੇ, ਰੁੱਖ ਮਨੁੱਖ
ਝੂਮਣ ਗਾਣ, ਖ਼ੁਸ਼ੀ ਮਨਾਣ


ਹੇ ਬਾਰਿਸ਼ ਪਿਆਰੀ !
ਇੰਦਰ ਦੇਵਤਾ ਦੀ
ਪ੍ਰਾਕਿਰਤੀ ਨਿਆਰੀ
ਨਾ ਗਰਜੀਂ, ਨਾ ਕਹਿਰ ਕਮਾਵੀਂ
ਛੰਨਾਂ, ਢਾਰਿਆਂ ਦੀ ਖ਼ੈਰ ਮਨਾਵੀਂ
ਗ਼ਰੀਬ ਦੇ ਘਰ ਦੀ ਛੱਤ ਬਣੀ
ਭੁੱਖੇ ਲਈ ਰੋਟੀ ਬਣ ਜਾਵੀਂ
ਪਿਆਸਾ ਰਹੇ ਨਾ ਜਗਤ ਪ੍ਰਾਣੀ
ਪਪੀਹੇ ਦੀ ਵੀ ਪਿਆਸ ਬੁਝਾਵੀਂ
ਅੰਨਦਾਤਾ ਰਹੇ ਸਦਾ ਸਲਾਮਤ
ਦਾਣਿਆਂ ਸੰਗ ਘਰ ਭਰ ਜਾਵੀਂ
'ਮਕਸੂਦਪੁਰੀ' ਆਵੇ ਹਰੀ ਕ੍ਰਾਂਤੀ
'ਪਾਣੀ ਪਿਤਾ' ਦੇ ਫ਼ਰਜ਼ ਨਿਭਾਵੀਂ।

-234, **ਸੁਦਰਸ਼ਨ ਪਾਰਕ**,
ਮਕਸੂਦਾਂ, ਜਲੰਧਰ-144021, ਮੋ. 99887-10234

* * * * *

ਕਵਿਤਾ/ ਕੱਚੇ ਦੁੱਧ ਨਾਲ

ਰਤਨ ਟਾਹਲਵੀ



ਕੱਚੇ ਦੁੱਧ ਨਾਲ ਅੱਜ ਧੋ ਕੇ ਝਾਂਜਰਾਂ।
ਝਾਂਜਰਾਂ ਨੂੰ ਪੈਰਾਂ ਵਿਚ ਪਾਵਾਂਗੀ ਹਾਣੀਆਂ।
ਫੇਰ ਵੇਖੀਂ ਗਿੱਧੇ ਵਿਚ ਕੀ ਬਣਦਾ ਵੇ,
ਅੱਗ ਪਾਣੀਆਂ ਦੇ ਤਾਈਂ ਵੇ ਮੈਂ ਲਾਵਾਂਗੀ ਹਾਣੀਆਂ।

ਗਿੱਧੇ ਵਿਚ ਪਾਇਆ ਅੱਜ ਝਾਂਜਰਾਂ ਨੇ ਸ਼ੋਰ ਵੇ।
ਸੌਣ ਦੇ ਮਹੀਨੇ ਜਿਵੇਂ ਪੈਲਾਂ ਪਾਉਂਦੇ ਮੋਰ ਵੇ।
ਬੋਲੀ ਅੱਜ ਤੇਰੇ ਨਾਂ 'ਤੇ ਪਾਵਾਂਗੀ ਹਾਣੀਆਂ।
ਫੇਰ ਵੇਖੀਂ ਗਿੱਧੇ ਵਿਚ ਕੀ ਬਣਦਾ ਵੇ।
ਅੱਗ ਪਾਣੀਆਂ ਦੇ ਤਾਈਂ ਵੇ ਮੈਂ ਲਾਵਾਂਗੀ ਹਾਣੀਆਂ।

ਬੱਲੇ ਬੱਲੇ ਕਰੇ ਜਦ ਚੋਬਰਾਂ ਦੀ ਢਾਣੀ ਵੇ।
ਕੋਈ ਮੈਨੂੰ ਆਖੇ ਨਿਰੀ ਪਿਆਰ ਦੀ ਕਹਾਣੀ ਵੇ।
ਵਿਛੜਿਆਂ ਦਿਲਾਂ ਨੂੰ ਮਿਲਾਵਾਂਗੀ ਹਾਣੀਆਂ।
ਫੇਰ ਵੇਖੀਂ ਗਿੱਧੇ ਵਿਚ ਕੀ ਬਣਦਾ ਵੇ।
ਅੱਗ ਪਾਣੀਆਂ ਦੇ ਤਾਈਂ ਵੇ ਮੈਂ ਲਾਵਾਂਗੀ ਹਾਣੀਆਂ।

ਰਤਨ ਵਰਿੰਦਰ ਵੀ ਕਰਨੀ ਕਮਾਲ ਏ।
ਗਿੱਧੇ ਵਿਚ ਨੱਚਣਾ ਏ ਦੋਵਾਂ ਮੇਰੇ ਨਾਲ ਵੇ।
ਟਾਹਲੀ ਰਹਿੰਦੇ ਦਿਲਾਂ ਨੂੰ ਮੈਂ ਚਾਹਾਂਗੀ ਹਾਣੀਆਂ।
ਫੇਰ ਵੇਖੀਂ ਗਿੱਧੇ ਵਿਚ ਕੀ ਬਣਦਾ ਵੇ।
ਅੱਗ ਪਾਣੀਆਂ ਦੇ ਤਾਈਂ ਵੇ ਮੈਂ ਲਾਵਾਂਗੀ ਹਾਣੀਆਂ।

* * * * *

ਕਵਿਤਾ/ ਸੁੰਨੀਆਂ ਗਲੀਆਂ

ਸੁਖਵਿੰਦਰ ਸਿੰਘ 'ਜਲਾਲਪੁਰੀ'



ਸੁੰਨੀਆਂ ਗਲੀਆਂ ਸੁੰਨੀਆਂ ਸੱਥਾਂ,
ਸੁੰਨੇ ਮਹਿਲ ਮਨਾਰੇ ਨੇ,
ਸੁੰਨੀਆਂ ਪੀਘਾਂ ਸੁੰਨੇ ਪਿੱਪਲ,
ਸੁੰਨੇ ਸ਼ਾਮ ਦੁਪਹਿਰੇ ਨੇ।

ਸੁੰਨੀਆਂ ਵੱਟਾਂ ਸੁੰਨੇ ਬੰਨੇ,
ਸੁੰਨੇ ਖੇਤ ਕਿਆਰੇ ਨੇ
ਸੁੰਨੇ ਖੂਹ ਤੇ ਮਣੇ ਨੇ ਸੁੰਨੇ,
ਸੁੰਨੇ ਕਿੱਲੇ ਖੁਰਲੀ ਵਿਚਾਰੇ ਨੇ।

ਸੁੰਨੇ ਵਿਹੜੇ ਸੁੰਨੀਆਂ ਛੱਤਾਂ,
ਸੁੰਨੇ ਚੌਂਕੇ ਢਾਰੇ ਨੇ,
ਸੁੰਨੇ ਚਾਅ ਸੁੰਨੀਆਂ ਸੱਧਰਾਂ,
ਸੁੰਨੇ ਸਭ ਨਜ਼ਾਰੇ ਨੇ।

ਸੁੰਨੇ ਹੱਟ ਸੁੰਨੇ ਭੱਠ,
ਸੁੰਨੇ ਖੂੰਜੇ ਸਾਰੇ ਨੇ,
ਦਹਲੀਜ਼ਾਂ ਸੁੰਨੀਆਂ ਬੂਹੇ ਸੁੰਨੇ,
ਸੁੰਨੇ ਸਭ ਚੁਬਾਰੇ ਨੇ।

ਸੁੰਨੇ ਮੈਦਾਨ ਤੇ ਸੁੰਨੇ ਅਖਾੜੇ,
ਸੁੰਨੇ ਠਾਕੁਰ ਦੁਆਰੇ ਨੇ,
ਸੁੰਨੇ ਛੱਪੜ ਸੁੰਨੀਆਂ ਚਾਰਾ ਗਾਹਾਂ,
ਸੁੰਨੇ ਸਭ ਗਲਿਆਰੇ ਨੇ।

ਸੁੰਨਾ 'ਸੁਖਵਿੰਦਰ' ਦਾ ਪਿੰਡ ਜਲਾਲਪੁਰ,
ਸੁੰਨੇ ਇਹਦੇ ਸਭ ਨਜ਼ਾਰੇ ਨੇ,
ਜਿਹਨਾਂ ਨਾਲ ਸੀ ਰੌਣਕ ਹੁੰਦੀ,
ਵੱਸ ਗਏ ਵਲੈਤ ਉਹ ਸਾਰੇ ਨੇ।

ਇੰਸਪੈਕਟਰ ਸੀ.ਬੀ.ਆਈ.,
ਪਿੰਡ ਜਲਾਲਪੁਰ, ਹੁਸ਼ਿਆਰਪੁਰ
+919906381482

● ● ●

ਆਖਰੀ ਪੀੜ੍ਹੀ

ਸੁਰਿੰਦਰ ਸਿੰਘ ਰੂਬੀ

65 ਸਾਲ ਦੀ ਉਮਰ ਨੂੰ ਟੱਪ ਚੁੱਕੇ ਅਸੀਂ ਲੋਕ ਸਾਡੇ ਸਮਾਜ ਦੀ ਉਹ ਆਖਰੀ ਪੀੜ੍ਹੀ ਹਾਂ, ਜਿਨ੍ਹਾਂ ਨੇ.....

* ਆਪਣੇ ਘਰਾਂ ਦੇ ਵਿਹੜਿਆਂ ਜਾਂ ਛੱਤਾਂ ਤੇ ਗਰਮੀ ਦੇ ਦਿਨਾਂ ਵਿਚ ਇਕੋ ਹੀ ਫਰਾਟੇ ਪੱਖੇ ਦੇ ਸਾਹਮਣੇ ਸੱਤ-ਸੱਤ ਮੰਜੇ ਡਾਹ ਕੇ ਗਰਮੀਆਂ ਦੀਆਂ ਰਾਤਾਂ ਕੱਟੀਆਂ ਹਨ।
* ਜਿਨ੍ਹਾਂ ਨੇ ਆਪਣੇ ਬਚਪਨ ਦੇ ਪ੍ਰਾਇਮਰੀ ਸਕੂਲ ਵਿਚ ਮਾਸਟਰ ਜੀ ਜਾਂ ਭੈਣ ਜੀ ਤੋਂ ਪੜ੍ਹਾਈ ਦੀ ਕਮੀ ਕਾਰਨ ਘੱਟ ਤੇ ਆਪਸ ਵਿਚ ਸ਼ੈਤਾਨੀ ਕਰਦੇ ਫੜੇਜਾਣ ਤੇ ਕੁੱਟ ਖਾਧੀ ਤੇ ਘਰ ਪਤਾ ਲੱਗਣ ਤੇ ਘਰੋਂ ਵੀ ਫਿਰ ਕੁੱਟ ਖਾਧੀ ਹੈ।
* ਜਿਨ੍ਹਾਂ ਨੇ ਬਲੈਕ ਐਂਡ ਵਾਈਟ ਟੀ.ਵੀ. ਸੈੱਟ ਦੇ ਕੋਠੇ ਤੇ ਲੱਗੇ ਐਨਟੀਨੇ ਸੈੱਟ ਕਰ ਕਰ ਕੇ ਟੀ.ਵੀ. ਦੇਖੇ ਹਨ।
* ਜਿਨ੍ਹਾਂ ਨੇ ਬੇਰੰਗ ਚਿੱਠੀਆਂ ਦਾ ਜ਼ਮਾਨਾ ਵੇਖਿਆ ਹੈ।
* ਪਹਿਲਾਂ ਕੈਂਚੀ ਤੇ ਫਿਰ ਡੰਡੇ ਉਪਰੋਂ ਸਾਈਕਲ ਚਲਾਉਣਾ ਸਿਖਦਿਆਂ ਕਈ ਵਾਰ ਗੋਡੇ-ਗਿੱਟੇ ਛਿਲਵਾਏ ਅਤੇ ਸੱਟਾਂ ਲਗਵਾਈਆਂ ਹਨ।
* ਆਪਣੇ ਕੱਚੇ ਮਕਾਨ ਅਤੇ ਨੀਵੀਆਂ ਕੰਧਾਂ ਵਾਲੇ ਵਿਹੜੇ, ਲੱਕੜੀ ਦੇ ਕਮਜ਼ੋਰ ਤਖ਼ਤਿਆਂ ਦੇ ਬੂਹੇ ਜਿਹਨਾਂ ਦਾ ਦੋਨਾਂ ਤਖ਼ਤਿਆਂ ਵਿਚ ਦੀ ਹੱਥ ਪਾ ਕੇ ਅੰਦਰਲਾ ਕੁੰਡਾ ਖੁੱਲ੍ਹ ਜਾਂਦਾ ਸੀ, ਵੇਖੇ ਹਨ।
* ਜਿਨ੍ਹਾਂ ਨੇ ਆਪਣੇ ਜਾਂ ਗੁਆਂਢ ਵਿਚ ਬੀਬੀਆਂ ਨੂੰ ਤੜਕਸਾਰ ਉੱਠ ਕੇ ਚਾਟੀ ਵਿਚ ਮਧਾਣੀ ਪਾ ਕੇ ਹੱਥ ਨਾਲ ਦੁੱਧ ਰਿੜਕਦਿਆਂ ਵੇਖਿਆ ਹੈ।
* ਜਿਨ੍ਹਾਂ ਨੇ ਖੂਹਾਂ ਵਿਚੋਂ ਲੋਹੇ ਦੀਆਂ ਟਿੰਡਾ ਨਾਲ ਪਾਣੀ ਕੱਢਦੇ ਬਲਦ ਚਲਦੇ ਵੇਖੇ ਹਨ।
* ਜਿਨ੍ਹਾਂ ਨੇ ਕੱਚੇ ਘਰਾਂ ਦੀਆਂ ਬਾਲਿਆਂ ਵਾਲੀਆਂ ਛੱਤਾਂ ਉੱਤੇ ਕਾਨੇ ਦੀਆਂ ਕਿੜੀਆਂ ਪਈਆਂ ਵੇਖੀਆਂ ਹਨ।
* ਜਿਨ੍ਹਾਂ ਨੇ ਕੱਚੀਆਂ ਗਲੀਆਂ ਵਿਚ ਸਾਇਕਲ ਦੇ ਪੁਰਾਣੇ ਟਾਇਰਾਂ ਨੂੰ ਸੋਟੀ ਨਾਲ ਕੁੱਟ-ਕੁੱਟ ਕੇ ਨਾਲੀਆਂ ਵਿਚੋਂ ਦੀ ਭਜਾ-ਭਜਾ ਕੇ ਚਲਾਇਆ ਹੈ।
* ਜਿਨ੍ਹਾਂ ਨੇ ਗੁਆਂਢੀਆਂ ਨੂੰ ਇਕ ਦੂਜੇ ਦੇ ਘਰੋਂ ਕੌਲੀ ਫੜ ਕੇ ਰਿੱਧੀ ਦਾਲ ਸਬਜ਼ੀ ਮੰਗ ਕੇ ਲਿਜਾਦਿਆਂ ਵੇਖਿਆ ਹੈ।

ਜਿਨ੍ਹਾਂ ਨੇ ਖੇਤੀ ਕਰਨ ਵਾਲਿਆਂ ਨੂੰ ਸ਼ਰੀਕੇ ਬਰਾਦਰੀ ਵਿਚੋਂ ਬਲਦਾਂ ਦੀਆਂ ਜੋਗਾਂ ਨੂੰ ਮਾਂਗੀ ਸੱਦ ਕੇ ਇਕੱਠਿਆਂ ਫਸਲ ਦੀ ਵਹਾਈ ਬਿਜਾਈ ਕਰਦਿਆਂ ਵੇਖਿਆ ਹੈ।

ਇਹ ਸਭ ਕੁਝ ਅਸੀਂ ਆਪਣੇ ਬਚਪਨ ਵਿਚ ਵੇਖਿਆ ਅਤੇ ਹੰਡਾਇਆ ਹੈ, ਸਵਰਗ ਦੇ ਉਹ ਦਿਨ ਸਨ। ਨਵੀਂ ਪੀੜ੍ਹੀ ਲਈ ਇਹ ਸਭ ਨਵਾਂ ਤੇ ਅਚੰਭੇ ਤੋਂ ਘੱਟ ਨਹੀਂ ਹੋਵੇਗਾ।

Republic Day

Republic Day is celebrated on 26th January every year. This day is celebrated with fervour and pride across India. On this day, the Constitution of India came into effect. It marks the day when India got truly independent and attained the historic Purna Swaraj. We became a sovereign, secular, socialist, democratic republic country on 26 January 1950, almost three years post-independence. Here, we have provided an Essay on Republic Day. Students can go through it to get an idea on how to write an essay on Republic Day during the exam. Then, they can try to write an essay in their own words.

History of Republic Day

Republic Day is of great historical importance. We got freedom from the British on 15 August 1947, but we were not having any form of government or constitution or political parties. On 26th January 1950, India implemented the Constitution. Pandit Jawaharlal Nehru was elected as the President of Indian National Congress and Poorna Swaraj was declared on 26th January 1930. However, we got independence on 15 August 1947.

After independence, a special constituent assembly was appointed for making the Constitution of India. Dr. B.R. Ambedkar led the constitution drafting committee. While creating India's constitution, other countries' constitutions have also been referred to, so as to create the best constitution. After 166 days, the Constitution of India was finally made. It was created in such a manner that all citizens of India could enjoy equal rights pertaining to their religions, culture, caste, sex and creed. On 26th January 1950, the Constitution of India was adopted and implemented, and the day is referred to as Republic Day. Moreover, it marks the end of the British rule and birth of India as a Republic State.

How is Republic Day Celebrated in India?

Republic Day is a national festival and is celebrated on 26th January of every year. This day is declared as a national holiday. People celebrate this day with a lot of zeal and happiness. The President of India hoists the national flag on Rajpath in New Delhi. It is followed by a 21 gun salute and the national anthem. People from all over the country visit the Rajpath to view the grand celebration of Republic Day. The first President who hoisted the flag ceremony was Dr. Rajendra Prasad.

In school, colleges, government offices and private organisations, the celebration is enjoyed with full enthusiasm. March past and parade takes place in schools along with the other functions. Many schools distribute sweets to students. Indians across the country celebrate the spirit of freedom and forget the differences between them, such as caste, religion, language and culture.

APPLICATIONS ARE INVITED UPTO 15.02.2026 FROM ELIGIBLE CANDIDATES

Application Regd. No._____

BABA MAKHAN SHAH LOBANA FOUNDATION (REGD.)

Sector-30A, Chandigarh-160030, Phone: 73470-65188

APPLICATION FORM

Merit Cum-Means Scholarship for the Academic Year-2025-26

Affix Passport Size Photo

1. **Name of Applicant** _____
   (In Block Letters)
2. **(i) Father's Name:** _____
   (ii) Mother's Name: _____
   (iii) Occupation: _____
3. **Caste** _____
4. **Address for Correspondence: Village:-** _____ **Post Office :-**_____
   Police Station :-_____ **Tehsil :-** _____
   Distt :-_____**State :-**_____ **Pin Code :-** _____
5. **Permanent Address** _____
   Contact No. Mobile: _____ **STD Code:** _____ **Landline:**_____
   E-mail: _____
6. **Class in which studying** _____
7. **Past performance and merit in the School/Board/ University (Last Two Years) : -**

Class	Board/University	Year of Passing	% (Percentage)	Remarks
				Indicate Board/University Examination (Attach Marks Sheet)
				Indicate Board/University Examination (Attach Marks Sheet)

8. **Were you granted scholarship last year: Yes/No**
   If Yes, Amount of Scholarship received (last year) _____ **Class**_____
9. **i) Annual income of Parents/Guardians in Rs.** _____ **p.a.**
   ii) Attach income certificate from the employer/ Payslip/other documents
   iii) Income verified by the Sarpanch or Member Panchayat/ Numberdar/Councillor

10. Signatures a) Student: _____

b) Father/Guardian: _____

11. Name of the Bank _____ Place _____

Account Holder's Name _____

Bank Account No. _____IFSC Code _____

12. Identify documents: - Aadhar Card/ Election Card / Ration Card/ Any Govt. issued ID.

Note: List of documents to be attached with application: -

a. Self-attested photocopy of Marks Sheet.
b. Self-attested any other educational document etc.
c. No. of enclosures with the application.

13. Certificate of the Head of the Institution: -

Certified that the applicant is a regular student of class _____ in this School/ College and particulars as shown above are correct.

Place _____ Signature _____

Dated _____ Name _____

Designation Stamp Seal

1. Certified that the above facts stated are correct & true to the best of my knowledge. Recommended by the Executive Committee Member/ Working Committee Member/ Any Office Bearer of the BMSL Foundation (Regd.), Sector 30A, Chandigarh.

Place _____ Signature _____

Dated _____ (Name & Designation)

FOR OFFICE USE ONLY

i) Date of application received _____

ii) Completion / correctness of the applicant By General Secretary _____

iii) No. of enclosures with the application _____

Recommended by_____ Sanctioned/ Approved_____

Convener/ Member of the Education Committee

President



MATRIMONIAL



WANTED AN EDUCATED GIRL, SERVICE, HOMELY, ADJUSTABLE MATCH FOR HANDSOME BOY, 02-05-1991, GRADUATE IN MULTI MEDIA, WORKING IN IT COMPANY MOHALI, 30,000 PER MONTH, OWN HOUSE IN MOHALI, PARENTS NO MORE. 98728-99591. DOWRYLESS MARRIAGE

* * * * *

SUITABLE MATCH FOR WELL EDUCATED GIRL, 14-09-1987/5'-3", CANADIAN PR, LEGALLY DIVORCEE, MBA, WORKING IN IT COMPANY. SEND BIODATA WITH PIC sukhdeepsingh_78@yahoo.com

* * * * *

LOOKING FOR GURSIKH BOY FOR SLIM, VERY FAIR COLOUR, 5'5'', 28 YRS, KHATRI GIRL, ON WORK VISA AT TORONTO CANADA. PREFERABLY TRI CITY FAMILY. BOY SHOULD BE PR CITIZEN OF CANADA. CONTACT -98729-73920

* * * * *

MATCH FOR HANDSOME, 6' HEIGHT, 30 YRS, LOBANA SIKH BOY, CHEMICAL ENGINEERING FROM PUNJAB UNIVERSITY, GST ACCOUNTANT. ELDER BROTHER MARRIED. PERMANENT RESIDENCE AT MOHALI. CONTACT – 80549-82960, 90415-60338

* * * * *

SEEKING MATCH FOR 24.11.1996/ 5'5'' GRADUATE CANADA SETTLED GIRL, RESIDENCE AT WINIIPEG & WORKING IN MANKOBA AS GOVT. CORRECTION OFFICER, BROTHER UNMARRIED ALSO SETTLED IN CANADA, PERMANENT RESIDENCE IN MOHALI. PREFERENCE ONLY FOR MOHALI & CHANDIGARH. CONTACT –9646426322, 9888062555

* * * * *

PERFECT MATCH FOR 17.03.2000/5'5'' GRADUATE GIRL RESIDENCE AT WINIIPEG & WORKING IN MANKOBA, ONLINE COMPUTER JOB. BROTHER UNMARRIED & ALSO SETTLED AT SAME PLACE. PERMANENT REDIDENCE AT MOHALI. CONTACT- 9888062555

* * * * *

MATCH FOR HANDSOME LABANA SIKH 1997/6 FT, B. TECH + MBA, WORKING IN MNC, PARENTS GOVT. RETIRED. CONTACT – 94665-04766

* * * * *

LOOKING MATCH FOR 22 NOV 2000/5'4'' LUBANA SIKH GIRL-PRABHJEET KAUR, QUALIFICATION – PURSUING PHYSIOTHERAPIST FROM GIAN SAGAR MEDICAL COLLEGE & HOSPITAL. FATHER CAPT (RETD.) & MOTHER HOUSEWIFE, SIBLINGS – ONE YOUNGER SISTER & YOUNGER BROTHER. RESIDENCE AT RAJPURA. CONTACT – 7696523574

* * * * *

SEEKING MATCH FOR 1992/5'8'' BOY-DR. BHAGWANT SINGH, QUALIFICATION – MBBS, MD MEDICINE FROM DMC LUDHIANA. FROM RAJPURA, GOVT. JOB, FAMILY –FATHER BUSINESSMAN IN USA, MOTHER HOUSEWIFE &ONE SISTER (MBBS) PROPERTY – RURAL, URBAN & INDUSTRIAL. CONTACT – 7696523574

* * * * *

MATCH FOR 19.07.1999/LUBANA GIRL – DR. PUNEET KAUR FROM RAJPURA, QUALIFICATION – MBBS – ADESH UNIVERSITY, FATHER- BUSINESSMAN, MOTHER – HOUSEWIFE & BROTHER ALSO DR. – WORKING IN GOVT. HOSPITAL- MOHALI. CONTACT –7696523574

* * * * *

SEEKING MATCH FOR LUBANA SIKH BOY DOB - 14.02.1997/ 6'1" EDUCATION B.TECH FROM NIT JALANDHAR; POST GRADUATE DIPLOMA IN PROJECT MANAGEMENT AND DATA ANALYTICS. CURRENT RESIDENCE AT OTTAWA & WORKING IN IT. BOTH PARENTS ARE GOVT. EMPLOYEES AND ALSO HAVE ONE SISTER - MARRIED & CITIZEN LIVING IN THE SAME CITY. PERMANENT RESIDENCE AT JALANDHAR. CONTACT- 9876501964, 9876501969

* * * * *

LOOKING MATCH FOR GURSIKH BOY, 09.09.1995 BORN/5'10"/DELHI2.54 PM,FAIR SKIN, NATIVE PLACE – DELHI (INDIA), EDUCATION – POST GRADUATION IN MSC ACCOUNTING & FINANCE-UK, GRADUATION – B.COM (HONS), DELHI, SCHOOLING – DOON PUBLIC SCHOOL, DELHI, PROFESSION – SENIOR ACCOUNTANCY PRACTICE -LONDON, UK, CURRENTLY PURSUING ACCA, UK. NO DRINKING & SMOKING HABBITS, NRI, CURRENT RESIDENCE -LONDON, UNITED KINGDOM. FAMILY DETAILS – FATHER -SELF EMPLOYED, MOTHER- HOME MAKER & SIBLING – YOUNGER BROTHER UNMARRIED, ACCOUNTANT RESIDENCE – UNITED ARAB EMIRATES (UAE).CONTACT - 7011577417

* * * * *

LOOKING MATCH FOR LUBANA 23.08.1993 BORN HEIGHT 6'7'' VEGETARIAN BOY, QUALIFICATION- B. TECH (COMPUTER SC.), GRADUATE DIPLOMA IN APPLIED MANAGEMENT, VARIOUS IT CERTIFICATIONS INCLUDING DATA ANALYST AND DATA ENGINEER, PROFESSION – WORKING AS SR. DATA ENGINEER AT CIVIL AVIATION AUTHORITY, WELLINGTON, NEW ZEALAND, FAMILY – FATHER RETIRED SR. MANAGER FROM PNB, MOTHER- HOME MAKER, BROTHER – WORKING IN ACCENTURE IT REMOTELY (IRELAND PR), OWN APPT. IN DELHI & ZIRAKPUR. CASTE NO BAR.

CONTACT- 9871096789 (FATHER)

* * * * *

LUBANA SIKH BOY DEC'92, 5.11FT BE (ECE), MBA (POWER MANAGEMENT) SR. MANAGER @ DELHI NCR. "REQUIRED B.E. / B TECH, M TECH MCA MBA M.SC. M.COM. QUALIFIED GIRL "NO DOWRY SIMPLE SOCIAL CEREMONIES" CASTE NO BAR. DIAL 9417145424, 9878373538.

* * * * *

28 YEARS OLD BOY, DOCTOR (PSYCHIATRIC) CASTE LUBANA, HEIGHT 6' USA CITIZEN, ONLY MEDICAL PROFESSIONALS CONTACT VIA WHATSAPP TEXT MESSAGE 516-476-0056. PLEASE SHARE PROFILE AND WILL FOLLOW UP.

* * * * *

ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ। ਅਦਾਰਾ ਲੁਬਾਣਾ ਸੇਵਕ

ਦਿਸਦੇ ਨਾਲ ਪਿਆਰ ਕਰਨ ਵਾਲਿਓ, ਅਣਦਿਸਦੇ ਨਾਲ ਪਿਆਰ ਕਰਕੇ ਵੇਖੋ।

ਦਸੰਬਰ ਮਹੀਨੇ ਦਾਨੀ ਸੱਜਣਾਂ ਵੱਲੋਂ ਦਿੱਤੇ ਦਾਨ ਦੀ ਸੂਚੀ

ਲੜੀ ਨੰ:	ਨਾਮ ਤੇ ਪਤਾ	ਰਸੀਦ ਨੰ.	ਰਾਸ਼ੀ ਰੁਪਏ	ਮਿਤੀ
1.	ਕੈਪਟਨ ਬਿਕਰਮ ਪਾਲ ਸਿੰਘ ਮੁਲਤਾਨੀ	744	11000/-	23.12.2025
	ਫਲੈਟ ਨੰ.1209, ਸੈਕਟਰ-48ਬੀ, ਚੰਡੀਗੜ੍ਹ । (ਆਪਣੇ ਦਾਦਾ ਜੀ ਦੀ ਯਾਦ ਵਿਚ ਭਵਨ ਨੂੰ ਦਾਨ ਕੀਤੇ।)			
2.	ਸ. ਜਸਵਿੰਦਰ ਸਿੰਘ	743	3100/-	23.12.2025
	ਸਪੁੱਤਰ ਪ੍ਰਿਸੀਪਲ ਸ. ਵਰਿਆਮ ਸਿੰਘ, ਕਪੂਰਥਲਾ।			
3.	ਸ. ਅਮਰਜੀਤ ਸਿੰਘ ਮੁਲਤਾਨੀ	738	1100/-	15.12.2025
	ਮ.ਨੰ.42, ਸੈਕਟਰ-42, ਚੰਡੀਗੜ੍ਹ ।			
	(ਆਪਣੇ ਪਿਤਾ ਜੀ ਦੀ ਯਾਦ ਵਿਚ ਸ਼੍ਰੀ ਅਖੰਡ ਸਾਹਿਬ ਪਾਠ ਲਈ ਭੇਂਟ ਕੀਤੇ।)			
4.	ਸ਼੍ਰੀ ਮਿਹਰ ਸ਼ਰਮਾ	740	1100/-	20.12.2025
	ਮ.ਨੰ.652, ਸੈਕਟਰ-8ਬੀ, ਚੰਡੀਗੜ੍ਹ।			
5.	ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ	734	1000/-	15.12.2025
	ਮ. ਨੰ.187, ਹਰਦਿਆਲ ਨਗਰ, ਗੜ੍ਹਾ ਰੋਡ, ਜਲੰਧਰ।			
6.	ਡਾ. ਕਮਲਜੀਤ ਸਿੰਘ	741	1000/-	20.12.2025
	ਫ਼ੇਸ-2, ਅਰਬਨ ਅਸਟੇਟ, ਪਟਿਆਲਾ।			
7.	ਇੰਜ. ਸੁੱਖਵੰਤ ਸਿੰਘ	730	500/-	15.12.2025
	ਮ. ਨੰ: 296/11, ਜਸਵੰਤ ਨਗਰ, ਗੜ੍ਹਾ ਰੋਡ, ਜਲੰਧਰ।			
8.	ਸ. ਸੁਰਜੀਤ ਸਿੰਘ, ਵਿੱਤ ਸਕੱਤਰ	731	500/-	15.12.2025
	ਮ. ਨੰ:171, ਅਰਬਨ ਅਸਟੇਟ, ਜਲੰਧਰ।			
9.	ਕਰਨਲ ਗੁਰਦੀਪ ਸਿੰਘ (ਰਿਟਾ.)	742	500/-	20.12.2025
	ਮ. ਨੰ.62, ਸੈਕਟਰ-71, ਮੋਹਾਲੀ।			
10.	ਪੰਡਿਤ ਓਮ ਕੁਮਾਰ	728	500/-	15.12.2025
	ਬ.ਮ.ਸ.ਲ ਭਵਨ, ਸੈਕਟਰ-30ਏ, ਚੰਡੀਗੜ੍ਹ।			
11.	ਇੰਜ. ਬਲਜੀਤ ਸਿੰਘ ਭਗਤਾਨਾ	729	400/-	15.12.2025
	ਮ. ਨੰ:176, ਗੋਲਡਨ ਐਨਵਯੂ, ਫ਼ੇਸ-1, ਜਲੰਧਰ।			
12.	ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)	727	200/-	15.12.2025
	ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ. ਨੰ. 3405, ਸੈਕਟਰ-40ਡੀ, ਚੰਡੀਗੜ੍ਹ।			
13.	ਸ. ਰਵਿੰਦਰ ਸਿੰਘ, ਸਕੱਤਰ	732	200/-	15.12.2025
	ਮ. ਨੰ:2092, ਸੈਕਟਰ-45, ਚੰਡੀਗੜ੍ਹ।			

14.	ਸ. ਦਰਬਾਰਾ ਸਿੰਘ	733	200/-	15.12.2025
	ਮ. ਨੰ.130, ਸੈਕਟਰ-46ਏ, ਚੰਡੀਗੜ੍ਹ।			
15.	ਸੂਬੇਦਾਰ ਮੇਜਰ ਜਸਪਾਲ ਸਿੰਘ	735	200/-	15.12.2025
	ਮੈਂਟੀਨੈਂਸ ਸਕੱਤਰ, ਮ. ਨੰ:18, ਏ.ਕੇ.ਐਸ. ਕਲੋਨੀ, ਜ਼ੀਰਕਪੁਰ।			
16.	ਸ. ਚਰਨਜੀਤ ਸਿੰਘ	736	200/-	15.12.2025
	ਐਚ.ਐਲ.-600, ਫ਼ੇਸ-9, ਮੋਹਾਲੀ।			
17.	ਸ਼੍ਰੀਮਤੀ ਨਰਿੰਦਰ ਕੌਰ	737	200/-	15.12.2025
	ਮ. ਨੰ.326/2, ਸੈਕਟਰ-38ਏ, ਚੰਡੀਗੜ੍ਹ।			
18.	ਸ. ਅਮਰਜੀਤ ਸਿੰਘ ਮੁਲਤਾਨੀ	739	250/-	15.12.2025
	ਮ. ਨੰ.42, ਸੈਕਟਰ-42, ਚੰਡੀਗੜ੍ਹ। (ਭਵਨ ਵਿਖੇ ਰੁਮਾਲਾ ਸਾਹਿਬ ਲਈ ਭੇਂਟ ਕੀਤੇ।)			

ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।

• • •

ਕੁਝ ਨੇਕੀਆਂ ਤੇ ਚੰਗਿਆਈਆਂ ਅਜਿਹੀਆਂ ਵੀ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਦਾ ਰੱਬ ਤੋਂ ਇਲਾਵਾ ਹੋਰ ਕੋਈ ਗਵਾਹ ਨਾ ਹੋਵੇ।

Lobana Bhawan

Baba Makhan Shah Lobana Foundation (Regd.),
Sector 30-A, Chandigarh

Facilities Available for All Types of Functions at reasonable rates

Double Bed A.C Rooms	*Dormitory A.C Rooms Four Single Bed*
Main Hall, A.C Capacity 400 Persons	*Mini Hall, A.C Capacity 150-200 Persons*
Main Auditorium, A.C Capacity 450 Persons	*Mini Auditorium, A.C Capacity 150 Persons*
Basement Hall 350-400 Persons	*Conference Hall, A.C Capacity 25 Persons*

24x7 Catering Service Available

For Booking Contact :-
98768-11137, 73470-65188

ਵਧਾਈਆਂ ਵਧਾਈਆਂ ਵਧਾਈਆਂ

ਸ. ਗੁਰਕੰਵਲ ਸਿੰਘ ਆਈ.ਏ.ਐਸ. ਨੂੰ ਮਿਲਿਆ ਪੰਜਾਬ ਸਟੇਟ ਕਾਡਰ



ਲੁਬਾਣਾ ਬਰਾਦਰੀ ਦੇ ਹੋਣਹਾਰ ਫਰਜੰਦ ਸ. ਗੁਰਕੰਵਲ ਸਿੰਘ ਨੂੰ ਆਈ.ਏ.ਐਸ. ਅਧਿਕਾਰੀ ਬਨਣ ਉਪਰੰਤ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਦੇਸ਼ ਭਰ ਦੇ ਰਾਜਾਂ ਵਿਚ ਕਰਮ ਭੂਮੀ ਦੀ ਚੋਣ ਕਰਨ ਵੇਲੇ ਆਪਣਾ ਪਿਤਰੀ ਰਾਜ, ਪੰਜਾਬ ਰਾਜ ਅਲਾਟ ਕੀਤਾ ਹੈ। ਜੋ ਕਿ ਸਮੁੱਚੀ ਬਰਾਦਰੀ ਲਈ ਬੜੇ ਮਾਣ ਅਤੇ ਖੁਸ਼ੀ ਦੀ ਗੱਲ ਹੈ। ਸ. ਗੁਰਕੰਵਲ ਸਿੰਘ ਆਈ.ਏ.ਐਸ. ਨੇ ਪਿਛਲੇ ਸਾਲ ਦੀ ਹੋਈ ਸਿਵਲ ਸਰਵਿਸਿਜ਼ ਦੀ ਪ੍ਰਤੀਯੋਗੀ ਪ੍ਰੀਖਿਆ ਵਿਚ ਚੰਗੀ ਪੁਜ਼ੀਸ਼ਨ ਲੈ ਕੇ ਪ੍ਰੀਖਿਆ ਪਾਸ ਕੀਤੀ ਸੀ ਤੇ ਉਹ ਅੱਜ ਕੱਲ੍ਹ ਮਸੂਰੀ ਵਿਚ ਆਪਣੀ ਟ੍ਰੇਨਿੰਗ ਪ੍ਰਾਪਤ ਕਰ ਰਹੇ ਹਨ। ਸ. ਗੁਰਕੰਵਲ ਸਿੰਘ ਸੇਵਾ ਮੁਕਤ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਸਤਪਾਲ ਸਿੰਘ ਮੁਲਤਾਨੀ ਤੇ ਮਾਤਾ ਪਰਮਜੀਤ ਕੌਰ ਦੇ ਹੋਣਹਾਰ ਸਪੁੱਤਰ ਹਨ। ਸ. ਮੁਲਤਾਨੀ ਹਲਕਾ ਭੁਲੱਥ ਦੇ ਪਿੰਡ ਰਾਏਪੁਰ ਪੀਰ ਬਖ਼ਸ਼ ਤੋਂ ਸਵਰਗੀ ਸੂਬੇਦਾਰ ਗੁਰਚਰਨ ਸਿੰਘ ਨੰਗਲੀਆਂ ਦੇ ਸਪੁੱਤਰ ਹਨ ਤੇ ਅੱਜਕਲ੍ਹ ਅਰਬਨ ਸਟੇਟ ਫੇਜ-2 ਜਲੰਧਰ ਵਿਚ ਰਹਿ ਰਹੇ ਹਨ। ਮਾਤਾ ਪਰਮਜੀਤ ਕੌਰ ਸਵਰਗੀ ਐਸ.ਪੀ. ਗੁਰਚਰਨ ਸਿੰਘ ਪਿੰਡ ਕੈਰੇ ਤਹਿ. ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਦੇ ਸਪੁੱਤਰੀ ਹਨ।

ਗੁਰਕੰਵਲ ਸਿੰਘ ਆਈ.ਏ.ਐਸ. ਨੇ ਆਪਣੀ ਮੁੱਢਲੀ ਵਿਦਿਆ ਐਮ.ਜੀ.ਐਨ. ਸਕੂਲ ਅਰਬਨ ਸਟੇਟ ਫੇਜ-2 ਜਲੰਧਰ ਤੋਂ ਪ੍ਰਾਪਤ ਕਰਨ ਉਪਰੰਤ ਥਾਪਰ ਇੰਜੀਨੀਅਰਿੰਗ ਕਾਲਜ ਪਟਿਆਲਾ ਤੋਂ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ ਹੈ। ਆਪ ਪਹਿਲਾਂ ਬਾਰਡਰ ਸਕਿਉਰਿਟੀ ਫੋਰਸ ਵਿਚ ਬਤੌਰ ਅਸਿਸਟੈਂਟ ਕਮਾਂਡੈਂਟ ਚੁਣੇ ਗਏ ਸਨ। ਨੌਕਰੀ ਤੋਂ ਲੰਮੀ ਛੁੱਟੀ ਲੈ ਕੇ ਆਪ ਜੀ ਨੇ ਸਿਵਲ ਸਰਵਿਸਿਸ ਪ੍ਰੀਖਿਆ ਦੀ ਤਿਆਰੀ ਪੂਰੀ ਲਗਨ ਤੇ ਮਿਹਨਤ ਨਾਲ ਕੀਤੀ ਤੇ ਪ੍ਰੀਖਿਆ ਪਾਸ ਕੀਤੀ।

ਸ. ਗੁਰਕੰਵਲ ਸਿੰਘ ਨੂੰ ਪੰਜਾਬ ਸਟੇਟ ਕਾਡਰ ਮਿਲਣ ਕਾਰਨ ਆਪ ਜੀ ਸਮੁੱਚੀ ਬਰਾਦਰੀ ਅਤੇ ਆਪਣੇ ਪਿਤਰੀ ਰਾਜ ਦੇ ਲੋਕਾਂ ਦੀ ਸੇਵਾ ਲੰਮੇ ਸਮੇਂ ਲਈ ਕਰ ਸਕਣਗੇ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸ. ਸਤਪਾਲ ਸਿੰਘ ਮੁਲਤਾਨੀ ਤੇ ਮਾਤਾ ਪਰਮਜੀਤ ਕੌਰ ਨੂੰ ਬਹੁਤ-ਬਹੁਤ ਮੁਬਾਰਕਾਂ। ਫਾਊਂਡੇਸ਼ਨ ਵੱਲੋਂ ਗੁਰਕੰਵਲ ਸਿੰਘ ਨੂੰ ਆਪਣੀ ਪੰਜਾਬ ਸਟੇਟ ਵਿਚ ਬਤੌਰ ਆਈ.ਏ.ਐਸ. ਅਧਿਕਾਰੀ ਸੇਵਾਵਾਂ ਦੇਣ ਕਰਕੇ ਬਹੁਤ-ਬਹੁਤ ਸ਼ੁਭ ਇਸ਼ਾਵਾਂ ਤੇ ਮੁਬਾਰਕਾਂ।

- ਸੰਪਾਦਕ

Postal No. - Jallandhar Vide No. L-4/PB/JL-0196/2024-2026

ਭਵਨ ਵਿਖੇ ਮਿਤੀ 15.12.2025 ਨੂੰ ਪੋਹ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ



ਬਮਸ਼ਲ ਭਵਨ, ਚੰਡੀਗੜ੍ਹ ਵਿਖੇ ਨਵਾਂ ਜਨਰੇਟਰ ਚਾਲੂ ਕੀਤਾ ਗਿਆ





ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਵਿਖੇ ਬੈਕਅਪ ਸਪਲਾਈ ਲਈ ਲੋਡ ਮੁਤਾਬਕ 58.5 ਕੇ.ਵੀ.ਏ./60 ਕੇ.ਵੀ.ਏ. ਕਰਲੋਸਕਰ ਕੰਪਨੀ ਦਾ ਜਨਰੇਟਰ ਸਥਾਪਿਤ ਕੀਤਾ ਗਿਆ। ਇਸ ਦਾ ਉਦਘਾਟਨ 25 ਫਰਵਰੀ 2025 ਨੂੰ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਫਾਊਂਡੇਸ਼ਨ ਵੱਲੋਂ ਕੀਤਾ ਗਿਆ। ਇਸ ਮੌਕੇ ਸ. ਗੁਲਸ਼ਨ ਕੁਮਾਰ ਸਿੰਘ ਸੀਨੀਅਰ ਮੀਤ ਪ੍ਰਧਾਨ, ਹਰਮਨਪ੍ਰੀਤ ਸਿੰਘ ਮੁਲਤਾਨੀ ਜਨਰਲ ਸਕੱਤਰ, ਕਰਨਲ ਗੁਰਦੀਪ ਸਿੰਘ, ਸ. ਸੁਰਜੀਤ ਸਿੰਘ ਖਜ਼ਾਨਚੀ, ਇੰਜ. ਬਲਜੀਤ ਸਿੰਘ ਭਗਤਾਣਾ, ਇੰਜ. ਸੁਖਵੰਤ ਸਿੰਘ, ਰਵਿੰਦਰ ਸਿੰਘ ਸਕੱਤਰ, ਸੂਬੇਦਾਰ ਮੇਜਰ ਜਸਪਾਲ ਸਿੰਘ ਅਤੇ ਹੋਰ ਮੈਂਬਰਾਨ ਹਾਜ਼ਰ ਸਨ।